# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. (ਸੁਰੱਖਿਆ ਅਤੇ ਯੁੱਧਨੀਤੀ ਅਧਿਐਨ) ਭਾਗ ਤੀਜਾ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ

ਯੂਨਿਟ : 2

ਪਾਠ ਨੰ.

2.1 : ਦੱਖਣੀ-ਪੂਰਬੀ ਏਸ਼ੀਆਈ ਰਾਸ਼ਟਰ ਸੰਘ – ਆਸਿਆਨ

*(Association of South East Asian Nations - ASEAN)*

*2.2 : ਸਘਾਈ ਸਹਿਯੋਗ ਸੰਗਠਨ*

*(Shanghai Cooperation Organisation - S.C.O)*

2.3 : *ਬੰਗਾਲ ਦੀ ਖਾੜ੍ਹੀ ਲਈ ਤਕਨੀਕੀ ਅਤੇ ਆਰਥਿਕ ਸਹਿਯੋਗ ਦੀ ਪਹਿਲ* *(BIMSTEC)*

2.4 : ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ

(South Asian Association for Regional Co-operation -SAARC)

**Department website : www.pbidde.org**

ਪਾਠ ਨੰ. 2.1

ਲੇਖਕ : ਡਾ. ਕਮਲ ਕਿੰਗਰ

## ਦੱਖਣੀ-ਪੂਰਬੀ ਏਸ਼ੀਆਈ ਰਾਸ਼ਟਰ ਸੰਘ - ਆਸਿਆਨ
## (Association of South East Asian Nations - ASEAN)

### ਭੂਮਿਕਾ (Introduction)

ਹਿੰਦ ਮਹਾਂਸਾਗਰ (Indian Ocean) ਅਤੇ ਪ੍ਰਸ਼ਾਂਤ ਮਹਾਂਸਾਗਰ (Pacific Ocean) ਵਿਚ ਕਈ ਸਮੁੰਦਰੀ ਅਤੇ ਯੁੱਧਨੀਤਿਕ ਪੱਖੋਂ ਮਹੱਤਵਪੂਰਨ ਰਸਤਿਆਂ ਨਾਲ ਜੁੜਿਆ, ਦੱਖਣੀ ਪੂਰਬੀ ਏਸ਼ੀਆਈ ਖੇਤਰ, ਜਿਸਦਾ ਖੇਤਰਫਲ ਲਗਭਗ 2,794,604 ਸਕੇਅਰ ਮੀਲ ਅਤੇ ਜਿਸਦੀ ਆਬਾਦੀ 556.3 ਬਿਲੀਅਨ (2006 ਦੇ ਆਂਕੜਿਆਂ ਅਨੁਸਾਰ) ਤੋਂ ਵੀ ਵੱਧ ਹੈ, ਅੰਤਰ-ਰਾਸ਼ਟਰੀ ਰਾਜਨੀਤੀ ਅਤੇ ਆਰਥਿਕ ਖੇਤਰ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਤੋਂ ਇਲਾਵਾ ਇਹ ਖੇਤਰ ਉਦਯੋਗਿਕ ਅਤੇ ਯੁੱਧਨੀਤਕ ਤੌਰ ਤੇ ਮਹੱਤਵਪੂਰਨ ਕੱਚੇ ਮਾਲ ਨਾਲ ਭਰਿਆ ਹੋਇਆ ਹੈ। ਇਸ ਖੇਤਰ ਦਾ 2007 ਵਿਚ ਕੁਲ ਘਰੇਲੂ ਉਤਪਾਦਨ 737.48 ਬਿਲੀਅਨ ਅਮਰੀਕੀ ਡਾਲਰ ਅਤੇ ਪ੍ਰਤੀ ਵਿਅਕਤੀ ਆਮਦਨ 5,541 ਅਮਰੀਕੀ ਡਾਲਰ ਸਲਾਨਾ ਸੀ। ਦੱਖਣੀ ਏਸ਼ੀਆਈ ਖੇਤਰ ਵਿਚ ਦਸ ਮੁੱਖ ਦੇਸ਼ ਮਿਆਂਮਾਰ, ਮਲੇਸ਼ੀਆ, ਸਿੰਗਾਪੁਰ, ਬਰੂਨਈ, ਥਾਈਲੈਂਡ, ਵੀਅਤਨਾਮ, ਲਾਓਸ, ਕੰਮਪੂਚੀਆ, ਇੰਡੋਨੇਸ਼ੀਆ ਅਤੇ ਫਿਲੀਪੀਂਸ ਹਨ। ਇਹ ਦੇਸ਼ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ ਤੇ ਇਹਨਾਂ ਮੁਲਕਾਂ ਦੇ ਮੁੱਖ ਧਰਮ ਬੋਧ, ਇਸਾਈ, ਹਿੰਦੂ ਅਤੇ ਇਸਲਾਮ ਹਨ।

ਅੰਤਰ-ਰਾਸ਼ਟਰੀ ਰਾਜਨੀਤੀ ਵਿਚ ਦੱਖਣੀ ਪੂਰਬੀ ਏਸ਼ੀਆ ਦਾ ਕਈ ਕਾਰਨਾਂ ਤੋਂ ਬਹੁਤ ਮਹੱਤਵ ਰਿਹਾ ਹੈ। ਪਹਿਲਾ, ਇਹ ਖੇਤਰ ਯੁੱਧਨੀਤਿਕ ਅਤੇ ਭੂਗੋਲਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਹੈ। ਇਹ ਹਿੰਦ ਮਹਾਂਸਾਗਰ ਅਤੇ ਪ੍ਰਸ਼ਾਂਤ ਮਹਾਂਸਾਗਰ ਨੂੰ ਮਿਲਾਉਣ ਵਾਲੇ ਸਮੁੰਦਰੀ ਮਾਰਗ ਤੇ ਸਥਿਤ ਹੈ ਅਤੇ ਏਸ਼ੀਆ ਅਤੇ ਆਸਟ੍ਰੇਲੀਆ ਵਿਚਕਾਰ ਕੁਦਰਤੀ ਪੁਲ ਵਾਂਗ ਕੰਮ ਕਰਦਾ ਹੈ। ਦੂਜਾ, ਆਰਥਿਕ ਦ੍ਰਿਸ਼ਟੀ ਤੋਂ ਇਹ ਖੇਤਰ ਬਹੁਤ ਅਮੀਰ ਹੈ। ਇਥੇ ਚਾਵਲ, ਟਿਨ, ਰਬੜ, ਅਤੇ ਪੈਟ੍ਰੋਲ ਬਹੁਤ ਮਾਤਰਾ ਵਿਚ ਮਿਲਦਾ ਹੈ। ਮਿਆਂਮਾਰ, ਥਾਈਲੈਂਡ ਅਤੇ ਹਿੰਦ-ਚੀਨ ਖੇਤਰ ਅੰਨ ਦੇ ਵੱਡੇ ਉਪਜਾਊ ਖੇਤਰ ਹਨ ਜਿਸ ਕਾਰਨ ਇਹਨਾਂ ਨੂੰ ਏਸ਼ੀਆ ਦਾ 'ਚਾਵਲ ਦਾ ਕਟੋਰਾ' (Rice bowl of Asia) ਵੀ ਕਿਹਾ ਜਾਂਦਾ ਹੈ। ਮਲੇਸ਼ੀਆ ਵਿਚ ਟਿਨ ਅਤੇ ਰਬੜ ਇੰਨੀ ਜ਼ਿਆਦਾਹੈ ਕਿ ਉਹ ਇਕੱਲਾ ਹੀ ਸਾਰੇ ਸੰਸਾਰ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ। ਇੰਡੋਨੇਸ਼ੀਆ ਅਤੇ ਉੱਤਰੀ ਬਰੂਨਈ ਵਿਚ ਤੇਲ ਦੇ ਬਹੁਤ ਵੱਡੇ ਭੰਡਾਰ ਹਨ।

ਇਹ ਖੇਤਰ ਏਸ਼ੀਆ ਵਿਚ ਸ਼ਕਤੀ ਸੰਤੁਲਨ ਬਣਾਈ ਰੱਖਣ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰ ਰਿਹਾ ਹੈ। ਇਹ ਏਸ਼ੀਅਨ ਮਹਾਂਦੀਪ (continent) ਓਸ਼ਿਆਨਾ ਅਤੇ ਪ੍ਰਸ਼ਾਂਤ ਮਹਾਂਸਾਗਰ ਨੂੰ ਆਪਸ ਵਿਚ ਜੋੜਦਾ ਹੈ, ਜਿਸ ਵਿਚੋਂ ਕਈ ਮਹੱਤਵਪੂਰਨ ਸਮੁੰਦਰੀ ਰਸਤੇ ਲੰਘਦੇ ਹਨ, ਜਿਨ੍ਹਾਂ ਵਿਚੋਂ ਮਲਾਕਾ ਸਟ੍ਰੇਟ (Malacca Strait) ਬਹੁਤ ਹੀ ਮਹੱਤਵਪੂਰਨ ਹੈ। ਵਿਸ਼ਵ ਦਾ ਲਗਭਗ 90% ਵਪਾਰ ਸਮੁੰਦਰੀ ਰਸਤਿਆਂ ਰਾਹੀਂ ਹੁੰਦਾ ਹੈ ਤੇ ਜ਼ਿਆਦਾਤਰ ਸਮੁੰਦਰੀ ਜਹਾਜ਼ ਇਸੇ ਰਸਤੇ ਵਿਚੋਂ ਲੰਘਦੇ ਹਨ। ਲਗਾਤਾਰ ਵਧਦੀ ਆਰਥਿਕ ਤਰੱਕੀ ਕਾਰਨ ਇਹ ਖੇਤਰ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਖੇਤਰੀ ਸਹਿਯੋਗ ਸੰਗਠਨਾਂ ਦੀ ਭਰਮਾਰ ਰਹੀ ਹੈ। ਇਹਨਾਂ ਖੇਤਰੀ ਸੰਗਠਨਾਂ ਦੀ ਸਥਾਪਨਾ ਦਾ ਉਦੇਸ਼ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਹੱਲ ਕਰਨ ਦੇ ਨਾਲ-ਨਾਲ ਖੇਤਰੀ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨਾ ਵੀ ਹੈ। ਕਈ ਵਿਚਾਰਕਾਂ ਦਾ ਮੰਨਣਾ ਹੈ ਕਿ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਉਦੇਸ਼ਾਂ ਵਿਚ ਸਮਾਨਤਾ ਰੱਖਣ ਵਾਲੇ ਦੇਸ਼ਾਂ ਦਾ ਆਪਸੀ ਸੰਗਠਨ ਸ਼ਾਂਤੀ ਬਣਾਈ ਰੱਖਣ ਦੀ ਦਿਸ਼ਾ ਵਿਚ ਅੰਤਰ-ਰਾਸ਼ਟਰੀ ਸੰਗਠਨਾਂ ਨਾਲੋਂ ਵਧੇਰੇ ਕਾਮਯਾਬ ਹੋ ਸਕਦਾ ਹੈ।

**ਆਸਿਆਨ (ASEAN)**

ਆਸਿਆਨ ਦਾ ਪੂਰਾ ਨਾਂ 'ਦੱਖਣੀ-ਪੂਰਬੀ ਏਸ਼ੀਆਈ ਰਾਸ਼ਟਰ ਸੰਘ' (Association of South East Asian Nations-ASEAN) ਹੈ। ਆਸਿਆਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ 1961 ਵਿਚ ਫਿਲੀਪੀਂਸ, ਮਲੇਸ਼ੀਆ ਅਤੇ ਥਾਈਲੈਂਡ ਨੇ 'ਦੱਖਣੀ-ਪੂਰਬੀ ਏਸ਼ੀਆਈ ਸੰਗਠਨ' (Association of South East Asia) ਦੀ ਸਥਾਪਨਾ ਕੀਤੀ ਸੀ। ਇਹ ਇਕ ਤਰ੍ਹਾਂ ਨਾਲ ਅਸੈਨਿਕ ਸੰਗਠਨ ਸੀ। ਇਸ ਤੋਂ ਬਾਅਦ 8 ਅਗਸਤ 1967 ਨੂੰ ਇਹਨਾਂ ਪੰਜ ਦੇਸ਼ਾਂ ਦੇ ਵਿਦੇਸ਼ ਮੰਤਰੀ ਥਾਈਲੈਂਡ ਦੀ ਰਾਜਧਾਨੀ ਬੈਂਕਾਕ (Bangkok) ਵਿਖੇ ਵਿਦੇਸ਼ੀ ਮਾਮਲਿਆਂ ਦੇ ਵਿਭਾਗ ਵਿਚ ਇਕੱਠੇ ਹੋਏ ਤੇ ਇਕ ਸਾਂਝੇ ਘੋਸ਼ਣਾ-ਪੱਤਰ ਤੇ ਦਸਤਖ਼ਤ ਕਰਕੇ, ਜਿਸਨੂੰ 'ਬੈਂਕਾਕ ਘੋਸ਼ਣਾ-ਪੱਤਰ' (Bangkok Declaration) ਕਿਹਾ ਜਾਂਦਾ ਹੈ, ਦੁਆਰਾ ਇਸਦੀ ਸਥਾਪਨਾ ਦੀ ਘੋਸ਼ਣਾ ਕੀਤੀ। ਇਹਨਾਂ ਪੰਜਾਂ ਵਿਦੇਸ਼ ਮੰਤਰੀਆਂ-ਆਦਮ ਮਲਿਕ (ਇੰਡੋਨੇਸ਼ੀਆ), ਨਾਰਸਿਸੋ ਆਰ.ਰਾਮੋਸ (ਫਿਲੀਪੀਂਸ), ਅਬਦੁਲ ਰੱਜਾਕ (ਮਲੇਸ਼ੀਆ), ਐਸ.ਰਾਜਾਰਤਨਮ (ਸਿੰਗਾਪੁਰ) ਅਤੇ ਥੱਨਤ ਖੋਮਾਨ (ਥਾਈਲੈਂਡ) ਨੂੰ ਇਸ ਸੰਗਠਨ ਦਾ ਪਿਤਾਮਾ (Founding Father) ਕਿਹਾ ਜਾਂਦਾ ਹੈ।

1970 ਦੇ ਪੂਰੇ ਦਹਾਕੇ ਵਿਚ, ਖਾਸ ਕਰਕੇ 1976 ਦੇ 'ਬਾਲੀ ਸੰਮੇਲਨ', ਤੋਂ ਬਾਅਦ ਇਸ ਸੰਗਠਨ ਦਾ ਆਰਥਿਕ ਵਿਕਾਸ ਉੱਤੇ ਕਾਫ਼ੀ ਜੋਰ ਰਿਹਾ। ਬਾਲੀ ਸੰਮੇਲਨ ਵਿਚ ਪਪੂਆ ਨਿਊ ਗੀਨੀਆ ਨੂੰ ਪ੍ਰੇਖਕ (observer) ਦੇਸ਼ ਦਾ ਰੁਤਬਾ ਦਿੱਤਾਗਿਆ। ਪਰ 1980 ਦੇ ਦਹਾਕੇ ਵਿਚ ਇਸ ਸੰਗਠਨ ਦੀ ਤਰੱਕੀ ਦੀ ਰਫਤਾਰ ਥੋੜ੍ਹੀ ਘੱਟ ਗਈ। 1984 ਵਿਚ ਬਰੂਨੇਈ ਆਪਣੀ ਆਜ਼ਾਦੀ ਪ੍ਰਾਪਤ ਕਰਨ ਤੋਂ ਇਕ ਹਫ਼ਤੇ ਬਾਅਦ ਹੀ ਇਸ ਸੰਗਠਨ ਦਾ ਛੇਵਾਂ ਮੈਂਬਰ ਬਣ ਗਿਆ। 1990 ਵਿਚ ਮਲੇਸ਼ੀਆ ਨੇ ਅਮਰੀਕਾ ਦੇ ਇਸ ਖੇਤਰ ਵਿਚ ਵਧਦੇ ਪ੍ਰਭਾਵ ਨੂੰ ਰੋਕਣ ਲਈ ਇਕ ਪ੍ਰਸਤਾਵ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਇਸ ਖੇਤਰ ਨੂੰ 'ਪੂਰਬੀ ਏਸ਼ੀਆਈ ਆਰਥਿਕ ਖੇਤਰ' (East Asian Economic Zone) ਬਣਾਇਆ ਜਾਵੇ, ਜਿਸ ਵਿਚ ਚੀਨ, ਜਾਪਾਨ ਅਤੇ ਉੱਤਰੀ ਕੋਰੀਆ ਨੂੰ ਵੀ ਸ਼ਾਮਿਲ ਕੀਤਾ ਜਾਵੇ। ਜਾਪਾਨ ਅਤੇ ਅਮਰੀਕਾ ਦੇ ਵਿਰੋਧ ਤੋਂ ਬਾਅਦ ਇਹ ਪ੍ਰਸਤਾਵ ਫੇਲ ਹੋ ਗਿਆ। ਫਿਰ ਵੀ ਮੈਂਬਰ ਦੇਸ਼ਾਂ ਨੇ ਆਰਥਿਕ ਸਹਿਯੋਗ ਦੇ ਕੰਮ ਨੂੰ ਜਾਰੀ ਰੱਖਿਆ। ਇਸ ਸੰਗਠਨ ਨੇ 1991 ਵਿਚ ਦੁਬਾਰਾ ਰਫ਼ਤਾਰ ਫੜੀ ਜਦੋਂ ਥਾਈਲੈਂਡ ਨੇ ਇਸ ਖੇਤਰ ਨੂੰ 'ਮੁਕਤ ਵਪਾਰ ਖੇਤਰ' (Free Trade Zone) ਬਣਾਉਣ ਦਾ ਪ੍ਰਸਤਾਵ ਦਿੱਤਾ। ਇਸ ਦਹਾਕੇ ਦੌਰਾਨ ਇਸ ਸੰਗਠਨ ਦਾ ਕਾਫੀ ਵਿਸਤਾਰ ਹੋਇਆ। 1992 ਵਿਚ ਮੈਂਬਰ ਦੇਸ਼ਾਂ ਦੁਆਰਾ ਸਾਂਝੇ ਅਸਰਦਾਰ ਤਰਜੀਹੀ ਕਰ (Common Effective Preferential Tarriff-CEPT) ਸਕੀਮ ਦੇ ਦਸਤਖ਼ਤ ਕੀਤੇ ਗਏ ਤਾਂ ਜੋ ਖੇਤਰ ਵਿਚ ਤਿਆਰ ਹੋਣ ਵਾਲੀ ਵਸਤੂਆਂ ਨੂੰ ਅੰਤਰ-ਰਾਸ਼ਟਰੀ ਬਾਜ਼ਾਰ ਵਿਚ ਮੁਕਾਬਲੇ ਤੇ ਉਤਾਰਿਆ ਜਾ ਸਕੇ। ਇਸ ਦੇ ਨਾਲ ਹੀ ਆਸਿਆਨ ਨੂੰ 'ਮੁਕਤ ਵਪਾਰ ਖੇਤਰ' ਬਣਾਉਣ ਦਾ ਰਾਹ ਵੀ ਖੁੱਲ੍ਹ ਗਿਆ।

28 ਜੁਲਾਈ 1995 ਨੂੰ ਵੀਅਤਨਾਮ ਆਸਿਆਨ ਦਾ ਸੱਤਵਾਂ ਮੈਂਬਰ ਦੇਸ਼ ਬਣਿਆ ਅਤੇ ਦੋ ਸਾਲਾਂ ਬਾਅਦ 23 ਜੁਲਾਈ 1997 ਵਿਚ ਲਾਓਸ ਅਤੇ ਮਿਆਂਮਾਰ ਵੀ ਇਸ ਸੰਗਠਨ ਵਿਚ ਸ਼ਾਮਿਲ ਹੋ ਗਏ। ਹਾਲਾਂਕਿ ਕੰਬੋਡੀਆ ਨੇ ਵਿਚ ਇਹਨਾਂ ਦੇਸ਼ਾਂ ਦੇ ਨਾਲ ਹੀ ਆਸਿਆਨ ਵਿਚ ਸ਼ਾਮਿਲ ਹੋਣਾ ਸੀ। ਪਰ ਉਹ ਆਪਣੇ ਅੰਦਰੂਨੀ ਰਾਜਨੀਤਿਕ ਹਾਲਾਤ ਸਥਿਰ ਨਾ ਹੋਣ ਕਾਰਨ ਸ਼ਾਮਿਲ ਨਾ ਹੋ ਸਕਿਆ। ਬਾਅਦ ਵਿਚ 30 ਅਪ੍ਰੈਲ 1999 ਵਿਚ ਰਾਜਨੀਤਿਕ ਸਥਿਰਤ ਆਉਣ ਦੇ ਨਾਲ ਹੀ ਕੰਬੋਡੀਆ ਵੀ ਆਸਿਆਨ ਵਿਚ ਸ਼ਾਮਿਲ ਹੋ ਗਿਆ। ਇਸ ਤਰ੍ਹਾਂ ਆਸਿਆਨ ਦੇ ਕੁਲ ਮੈਂਬਰਾਂ ਦੀ ਗਿਣਤੀ ਵੱਧ ਕੇ ਦਸ ਹੋ ਗਈ।

**ਸੰਗਠਨ (Organisation)**

ਆਸਿਆਨ ਦਾ ਕੇਂਦਰੀ ਸਕੱਤਰੇਤ ਜਕਾਰਤਾ (ਇੰਡੋਨੇਸ਼ੀਆ) ਵਿਚ ਹੈ। ਉਸਦਾ ਪ੍ਰਧਾਨ ਮਹਾਂ ਸਚਿਵ (ਮੁੱਖ ਸਕੱਤਰ) ਹੁੰਦਾ ਹੈ। ਮਹਾਂ ਸਚਿਵ (ਮੁੱਖ ਸਕੱਤਰ) ਦੀ ਚੋਣ 2 ਸਾਲਾਂ ਲਈ ਹਰ ਇਕ ਮੈਂਬਰ ਦੇਸ਼ ਵਿਚੋਂ ਕੀਤੀ ਜਾਂਦੀ ਹੈ ਬਿਊਰੋ ਨਿਰਦੇਸ਼ਕ ਅਤੇ ਹੋਰਨਾਂ ਅਸਾਮੀਆਂ ਲਈ ਇਹ ਭਰਤੀ ਤਿੰਨ ਸਾਲ ਦੇ ਸਮੇਂ ਲਈ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਵਿਚ ਆਸਿਆਨ ਦਾ ਮਹਾਂ ਸਚਿਵ (ਮੁੱਖ ਸਕੱਤਰ) ਸੁਰਿਨ ਪਿਟਸਵਾਨ (ਥਾਈਲੈਂਡ) ਹੈ।

**ਸਿਧਾਂਤ ਅਤੇ ਉਦੇਸ਼ (Principles and Objectives)**

ਆਸਿਆਨ ਦੇਸ਼ਾਂ ਵਿਚ ਵੱਖਰੀ-ਵੱਖਰੀ ਭਾਸ਼ਾ, ਧਰਮ, ਜਾਤੀ, ਸੰਸਕ੍ਰਿਤੀ ਦੇ ਲੋਕ ਰਹਿੰਦੇ ਹਨ ਤੇ ਇਹਨਾਂ ਦਾ ਖਾਣ-ਪੀਣ ਅਤੇ ਰਹਿਣ-ਸਹਿਣ ਵੀ ਵੱਖਰਾ-ਵੱਖਰਾ ਹੈ। ਇਹਨਾਂ ਦੇਸ਼ਾਂ ਦੀ ਵਿਰਾਸਤ, ਇਤਿਹਾਸਕ ਪਿਛੋਕੜ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਜੀਵਨ ਦੇ ਪੱਧਰਾਂ ਵਿਚ ਵੀ ਭਿੰਨਤਾ ਹੈ। ਇਸਦੇ ਨਾਲ ਉਹਨਾਂ ਵਿਚ ਚੁਣੌਤੀਆਂ ਅਤੇ ਮੁਸ਼ਕਲਾਂ ਦਾ ਡੱਟ ਕੇ ਸਾਹਮਣਾ ਕਰਨ ਦੀ ਸਮਝ ਵੀ ਹੈ। ਇਹਨਾਂ ਦੇਸ਼ਾਂ ਦੇ ਸਾਹਮਣੇ ਜਨਸੰਖਿਆ ਵਿਚ ਵਾਧਾ, ਗਰੀਬੀ, ਆਰਥਿਕ ਸ਼ੋਸ਼ਣ ਅਤੇ ਅਸੁਰੱਖਿਆ ਆਦਿ ਇਕੋ ਜਿਹੀਆਂ ਚੁਣੌਤੀਆਂ ਹਨ ਜਿਹਨਾਂ ਨੇ ਇਹਨਾਂ ਨੂੰ ਖੇਤਰੀ ਸਹਿਯੋਗ ਦੇ ਰਸਤੇ ਤੇ ਚੱਲਣ ਲਈ ਮਜ਼ਬੂਰ ਕੀਤਾ ਹੈ।

ਆਸਿਆਨ ਸੰਗਠਨ ਦਾ ਨਿਰਮਾਣ ਉਦੋਂ ਹੋਇਆ ਜਦੋਂ ਦੂਜੀ ਵਿਸ਼ਵ ਜੰਗ ਤੋਂ ਬਾਅਦ ਨਵੇਂ ਆਜ਼ਾਦ ਹੋਏ ਦੇਸ਼ ਇੰਡੋਨੇਸ਼ੀਆ, ਮਲੇਸ਼ੀਆ, ਫਿਲੀਪੀਂਸ ਅਤੇ ਸਿੰਗਾਪੁਰ ਆਦਿ ਰਾਸ਼ਟਰ ਨਿਰਮਾਣ ਵਿਚ ਲੱਗੇ ਹੋਏ ਸਨ। ਰਾਸ਼ਟਰ ਨਿਰਮਾਣ ਦਾ ਕੰਮ ਕਾਫੀ ਮੁਸ਼ਕਲ ਹੁੰਦਾ ਹੈ ਜਿਸ ਵਿਚ ਬਾਹਰੀ ਦਖਲ ਅੰਦਾਜ਼ੀ ਦੀਆਂ ਸੰਭਾਵਨਾਵਾਂ ਵੀ ਕਾਫੀ ਵੱਧ ਜਾਂਦੀਆਂ ਹਨ। ਇਸ ਲਈ ਇਹ ਦੇਸ਼ ਆਪਣੀਆਂ ਰਾਜਨੀਤਿਕ ਗਤੀਵਿਧੀਆਂ ਉੱਤੇ ਆਪਣਾ ਕੰਟਰੋਲ ਰੱਖਣਾ ਚਾਹੁੰਦੇ ਸਨ ਤੇ ਇਹ ਵੀ ਚਾਹੁੰਦੇ ਸਨ ਕਿ ਕੋਈ ਵੀ ਬਾਹਰੀ ਦੇਸ਼ ਜਾਂ ਗੁਆਂਢੀ ਮੁਲਕ ਉਹਨਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਾ ਦੇਵੇ। ਇਸ ਤੋਂ ਇਲਾਵਾ ਛੋਟੇ ਦੇਸ਼ਾਂ, ਜਿਵੇਂ ਸਿੰਗਾਪੁਰ ਅਤੇ ਬਰੂਨੇਈ ਨੂੰ ਵੀ ਇਹ ਖਦਸ਼ਾ ਸੀ ਕਿ ਇੰਡੋਨੇਸ਼ੀਆ ਅਤੇ ਮਲੇਸ਼ੀਆ ਵਰਗੇ ਵੱਡੇ ਗੁਆਂਢੀ ਮੁਲਕ ਉਹਨਾਂ ਦੇ ਖਿਲਾਫ਼ ਕਿਸੇ ਵੀ ਤਰ੍ਹਾਂ ਦੀ ਤਾਕਤ ਜਾਂ ਦਬਾਅ ਵਾਲੇ ਸਾਧਨਾਂ ਦਾ ਇਸਤੇਮਾਲ ਨਾ ਕਰਨ। ਆਸਿਆਨ ਦਾ ਮੁੱਖ ਉਦੇਸ਼ ਸੀ ਕਿ ਸਾਰੇ ਮੈਂਬਰ ਦੇਸ਼ਾਂ ਦੇ ਪ੍ਰਭੂਸੱਤਾ ਕਾਇਮ ਰਹਿਣੀ ਚਾਹੀਦੀ ਹੈ। ਇਸ ਲਈ ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਨਾ ਦਖਲ ਅੰਦਾਜ਼ੀ ਦੇ ਸਿਧਾਂਤ ਨੂੰ ਮਜ਼ਬੂਤੀ ਨਾਲ ਅਪਣਾਇਆ ਗਿਆ ਸੀ। ਇਹ ਸਾਰੇ ਮੈਂਬਰ ਦੇਸ਼ ਇਕ ਦੂਜੇ ਵਿਰੁੱਧ ਤਾਕਤ ਦਾ ਇਸਤੇਮਲ ਨਾ ਕਰਨ ਅਤੇ ਇਕ ਦੂਜੇ ਖਿਲਾਫ਼ ਲੜਾਈ ਝਗੜੇ ਤੋਂ ਬਚਣ ਲਈ ਪ੍ਰਤੀਬੱਧ ਹਨ। ਉਹ ਆਪਣੇ ਝਗੜੇ ਗੱਲਬਾਤ ਰਾਹੀਂ ਸੁਲਝਾਉਂਦੇ ਹਨ ਅਤੇ ਉਹਨਾਂ ਦੇ ਮੁੱਖ ਲੀਡਰਾਂ ਵਿਚ ਵੀ ਇਕਸੁਰਤਾ ਹੈ।

**ਸਿਧਾਂਤ (Principles)**

ਆਸਿਆਨ ਦੇ ਮੁੱਖ ਸਿਧਾਂਤ ਇਹ ਹਨ :

1. ਇਕ ਦੂਜੇ ਦੀ ਆਜ਼ਾਦੀ, ਪ੍ਰਭੂਸੱਤਾ, ਬਰਾਬਰੀ, ਖੇਤਰੀ ਇਕਮੁੱਠਤਾ ਅਤੇ ਰਾਸ਼ਟਰੀ ਪਛਾਣ ਦੀ ਇੱਜ਼ਤ ਕਰਨਾ।
2. ਹਰ ਇਕ ਰਾਜ ਨੂੰ ਆਪਣੀਆਂ ਖੁਦਮੁਖ਼ਤਾਰ ਨੀਤੀਆਂ ਬਣਾਉਣ ਦੀ ਆਜ਼ਾਦੀ ਦੇਣੀ ਜੋ ਕਿ ਬਾਹਰੀ ਦਖਲ ਅੰਦਾਜ਼ੀ ਅਤੇ ਦਬਾਅ ਤੋਂ ਮੁਕਤ ਹੋਣ।
3. ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਨਾ ਕਰਨਾ।
4. ਆਪਸੀ ਸਮੱਸਿਆਵਾਂ ਅਤੇ ਝਗੜਿਆਂ ਦਾ ਸ਼ਾਂਤੀਪੂਰਵਕ ਨਿਪਟਾਰਾ ਕਰਨਾ।
5. ਡਰਾਵੇ ਜਾਂ ਤਾਕਤ ਦਾ ਇਸਤੇਮਾਲ ਨਾ ਕਰਨਾ।
6. ਇਕ ਦੂਜੇ ਨਾਲ ਮਜ਼ਬੂਤੀ ਨਾਲ ਸਹਿਯੋਗ ਕਰਨਾ।

**ਉਦੇਸ਼ (Objectives)**

ਆਸਿਆਨ ਦੇ ਮੁੱਖ ਉਦੇਸ਼ ਇਹ ਹਨ :

1. ਦੱਖਣੀ-ਪੂਰਬੀ ਏਸ਼ੀਆਈ ਖੇਤਰ ਵਿਚ ਆਰਥਿਕ ਤਰੱਕੀ ਨੂੰ ਵਧਾਵਾ ਦੇਣਾ।
2. ਆਰਥਿਕ ਸਥਿਰਤਾ ਬਣਾਈ ਰੱਖਣਾ।
3. ਮੈਂਬਰ ਦੇਸ਼ਾਂ ਵਿਚਕਾਰ ਰਾਜਨੀਤਿਕ, ਸਮਾਜਿਕ, ਸੰਸਕ੍ਰਿਤਕ, ਵਪਾਰਕ, ਵਿਗਿਆਨਕ, ਤਕਨੀਕੀ, ਪ੍ਰਸ਼ਾਸਨਿਕ ਆਦਿ ਖੇਤਰਾਂ ਵਿਚ ਆਪਸੀ ਸਹਾਇਤਾ ਕਰਨਾ।
4. ਆਪਸੀ ਸਹਿਯੋਗ ਨਾਲ ਸਾਂਝੀਆਂ ਮੁਸ਼ਕਲਾਂ ਦਾ ਹੱਲ ਲੱਭਣਾ।
5. ਇਸ ਖੇਤਰ ਵਿਚ ਇਕ ਸਾਂਝਾ ਬਾਜ਼ਾਰ ਤਿਆਰ ਕਰਨਾ।
6. ਮੈਂਬਰ ਦੇਸ਼ਾਂ ਵਿਚ ਆਪਸੀ ਵਪਾਰ ਨੂੰ ਵਧਾਉਣਾ।

7. ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਦੇ ਸਿਧਾਂਤਾਂ ਅਨੁਸਾਰ ਆਸਿਆਨ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣੀ ਅਤੇ ਇਸ ਖੇਤਰ ਵਿਚ ਇਕ ਦੂਜੇ ਦੀ ਨਿਆਂ ਅਤੇ ਕਾਨੂੰਨ ਅਨੁਸਾਰ ਇੱਜ਼ਤ ਬਣਾਈ ਰੱਖਣਾ।

**1. ਆਸਿਆਨ ਦਾ ਪਹਿਲਾ ਚੋਟੀ ਸੰਮੇਲਨ – ਬਾਲੀ (ਇੰਡੋਨੇਸ਼ੀਆ) 23-24 ਫਰਵਰੀ, 1976 (First ASEAN Summit - Bali (Indonesia) 23-24 February, 1976)**

ਭਾਵੇਂ ਆਸਿਆਨ ਦੀ ਸਥਾਪਨਾ 1967 ਵਿਚ ਹੀ ਹੋ ਗਈ ਸੀ ਪਰ ਇਸ ਦੀਆਂ ਗਤੀਵਿਧੀਆਂ 70-80 ਦੇ ਦਹਾਕੇ ਵਿਚ ਹੀ ਸ਼ੁਰੂ ਹੋਈਆਂ। ਆਸਿਆਨ ਦਾ ਪਹਿਲਾ ਚੋਟੀ ਸੰਮੇਲਨ ਇੰਡੋਨੇਸ਼ੀਆ ਦੀ ਰਾਜਧਾਨੀ ਬਾਲੀ ਵਿਚ 23-24 ਫਰਵਰੀ 1976 ਨੂੰ ਹੋਇਆ। ਇਸ ਸੰਮੇਲਨ ਵਿਚ ਆਸਿਆਨ ਨੇਤਾਵਾਂ ਨੇ ਆਪਣੇ ਸਾਂਝੇ ਇਤਿਹਾਸਕ ਪਿਛੋਕੜ, ਭੂਗੋਲਿਕ ਸਥਿਤੀ ਅਤੇ ਸੰਸਕ੍ਰਿਤੀ, ਜਿਸ ਨੇ ਇਸ ਖੇਤਰ ਦੇ ਲੋਕਾਂ ਨੂੰ ਇਕ ਸਾਂਝ ਵਿਚ ਬੰਨ੍ਹਿਆ ਹੈ, ਬਾਰੇ ਜ਼ਿਕਰ ਕਰਦਿਆਂ ਇਸ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ, ਦੋਸਤੀ ਅਤੇ ਆਪਸੀ ਸਹਿਯੋਗ ਨੂੰ ਹੋਰ ਵਧਾਉਣ ਬਾਰੇ ਇਕ ਮਹੱਤਵਪੂਰਨ ਸੰਧੀ 'ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਦੀ ਮਿੱਤਰਤਾ ਅਤੇ ਸਹਿਯੋਗ ਲਈ ਸੰਧੀ' (Treaty of Amity and Cooperation in Southeast Asia) ਤੇ 24 ਫਰਵਰੀ 1976ਨੂੰ ਦਸਤਖ਼ਤ ਕੀਤੇ। ਇਸ ਸੰਧੀ ਵਿਚ ਉਹ ਮਸਲੇ, ਜੋ ਇਸ ਖੇਤਰ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਪ੍ਰਭਾਵਿਤ ਕਰਦੇ ਹੋਣਗੇ, ਉਹਨਾਂ ਨੂੰ ਸੰਯੁਕਤ ਰਾਸ਼ਟਰ ਸੰਘ ਚਾਰਟਰ ਦੇ ਉਦੇਸ਼ਾਂ, ਬਾਡੂੰਗ ਸੰਮੇਲਨ (25 ਅਪ੍ਰੈਲ 1955) ਵਿਚ ਏਸ਼ੀਅਨ-ਅਫ਼ਰੀਕਨ ਦੇਸ਼ਾਂ ਵਲੋਂ ਅਪਣਾਏ ਗਏ ਦਸ ਸਿਧਾਂਤਾਂ, ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਵੱਲੋਂ ਬੈਂਕਾਕ ਵਿਖੇ 8 ਅਗਸਤ 1967 ਨੂੰ ਜਾਰੀ ਕੀਤੇ ਘੋਸ਼ਣਾ ਪੱਤਰ ਅਤੇ ਕੁਆਲਾਲਮਪੁਰ ਦੇ 27 ਨਵੰਬਰ 1971 ਦੇ ਘੋਸ਼ਣਾ-ਪੱਤਰ ਅਨੁਸਾਰ ਸੁਲਝਾਉਣ ਦੀ ਵਚਨਬੱਧਤਾ ਜ਼ਾਹਿਰ ਕੀਤੀ। ਉਹਨਾਂ ਇਹ ਵੀ ਕਿਹਾ ਕਿ ਉਹ ਸਾਰੇ ਮਸਲੇ ਅਤੇ ਝਗੜੇ, ਜੋ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਵਿਚਕਾਰ ਹਨ, ਨੂੰ ਸਮਝਦਾਰੀ, ਅਸਰਦਾਰ ਅਤੇ ਲਚਕਦਾਰ ਤਰੀਕਿਆਂ (rational effective and flexible procedures), ਰਾਹੀਂ ਹੱਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹਨਾਂ ਨੇ ਸਾਰੇ ਸ਼ਾਂਤੀ ਪਸੰਦ ਦੇਸ਼ਾਂ, ਭਾਵੇਂ ਉਹ ਦੱਖਣੀ ਪੂਰਬੀ ਏਸ਼ੀਆ ਖੇਤਰ ਵਿਚੋਂ ਹੋਣ ਜਾਂ ਬਾਹਰੋਂ, ਵਿਚਕਾਰ ਆਪਸੀ ਸਹਿਯੋਗ ਵਧਾਉਣ ਬਾਰੇ ਵੀ ਗੱਲ-ਬਾਤ ਕੀਤੀ ਤਾਂ ਜੋ ਅੰਦਰ-ਰਾਸ਼ਟਰੀ ਸ਼ਾਂਤੀ, ਸਥਿਰਤਾ ਅਤੇ ਇਕਸਾਰਤਾ (harmony) ਨੂੰ ਕਾਇਮ ਰੱਖਿਆ ਜਾ ਸਕੇ। ਇਸ ਸੰਧੀ ਦੇ ਪੰਜ ਅਧਿਆਇ ਅਤੇ ਵੀਹ (20) ਆਰਟੀਕਲ ਸਨ, ਜੋ ਇਸ ਤਰ੍ਹਾਂ ਹਨ :

**ਅਧਿਆਇ ਪਹਿਲਾ : ਉਦੇਸ਼ ਅਤੇ ਸਿਧਾਂਤ (Purposes and Principles)**

**ਆਰਟੀਕਲ** 1 – ਇਸ ਸੰਧੀ ਦਾ ਉਦੇਸ਼ ਮੈਂਬਰ ਦੇਸ਼ਾਂ ਵਿਚਕਾਰ ਸ਼ਾਂਤੀ, ਸ਼ਾਂਤੀਪੂਰਨ ਸਹਿਹੋਂਦ ਅਤੇ ਆਪਸੀ ਸਹਿਯੋਗ ਵਧਾਉਣਾ ਹੈ ਤਾਂ ਜੋ ਇਹਨਾਂ ਰਾਸ਼ਟਰਾਂ ਦੇ ਲੋਕ ਆਪਣੀ ਪੂਰੀ ਏਕਤਾ, ਇਕੱਠਤਾ ਅਤੇ ਤਾਕਤ ਨਾਲ ਇਸ ਖੇਤਰ ਦੀ ਤਰੱਕੀ ਵਿਚ ਯੋਗਦਾਨ ਪਾ ਸਕਣ।

**ਆਰਟੀਕਲ** 2 – ਮੈਂਬਰ ਦੇਸ਼ਾਂ ਦੇ ਆਪਸੀ ਸਬੰਧ ਹੇਠ ਲਿਖਿਆਂ ਮੂਲ ਸਿਧਾਂਤਾਂ ਦੁਆਰਾ ਨਿਰਧਾਰਿਤ ਜਾਣਗੇ :

(ੳ) ਇਕ ਦੂਜੇ ਦੀ ਆਜ਼ਾਦੀ, ਪ੍ਰਭੂਸੱਤਾ, ਬਰਾਬਰੀ, ਖੇਤਰੀ ਅਖੰਡਤਾ ਅਤੇ ਸਾਰੇ ਦੇਸ਼ਾਂ ਦੀ ਰਾਸ਼ਟਰੀ ਪਛਾਣ ਦੀ ਕਦਰ ਕਰਨੀ।

(ਅ) ਹਰ ਇਕ ਮੈਂਬਰ ਨੂੰ ਬਾਹਰੀ ਦਖ਼ਲ-ਅੰਦਾਜ਼ੀ, ਵਿਨਾਸ਼ਕਾਰੀ (destructive) ਅਤੇ ਦਬਾਅ ਤੋਂ ਮੁਕਤ ਆਪਣੀਆਂ ਰਾਸ਼ਟਰੀ ਨੀਤੀਆਂ ਬਣਾਉਣ ਤੇ ਜੀਉਣ ਦਾ ਅਧਿਕਾਰ ਦੇਣਾ।

(ੲ) ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਾ ਕਰਨਾ।

(ਸ) ਆਪਸੀ ਮਤਭੇਦਾਂ ਅਤੇ ਝਗੜਿਆਂ ਦਾ ਸ਼ਾਂਤੀਪੂਰਨ ਸਾਧਨਾਂ ਰਾਹੀਂ ਹੱਲ ਲੱਭਣਾ।

(ਹ) ਡਰਾਵੇ ਅਤੇ ਤਾਕਤ ਦਾ ਇਸਤੇਮਾਲ ਨਾ ਕਰਨਾ।

(ਕ) ਆਪਸ ਵਿਚ ਪ੍ਰਭਾਵੀ ਸਹਿਯੋਗ ਕਰਨਾ।

**ਅਧਿਆਇ ਦੂਜਾ : ਦੋਸਤਾਨਾ ਸਬੰਧ (Amity)**

**ਆਰਟੀਕਲ** 3 – ਇਸ ਸੰਧੀ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਮੈਂਬਰ ਦੇਸ਼ ਪ੍ਰੰਪਰਿਕ, ਸੰਸਕ੍ਰਿਤਕ ਅਤੇ ਇਤਿਹਾਸਕ ਸਾਂਝਾਂ, ਜੋ ਉਹਨਾਂ ਨੂੰ ਦੋਸਤੀ, ਚੰਗੇ ਸਬੰਧਾਂ ਅਤੇ ਸਹਿਯੋਗਵਿਚ ਬੰਨ੍ਹਦੀਆਂ ਹਨ, ਰਾਹੀਂ ਆਪਸੀ ਸਬੰਧਾਂ ਨੂੰ ਬਣਾਉਣਾ

ਅਤੇ ਮਜ਼ਬੂਤ ਕਰਨਾ। ਆਪਸੀ ਨੇੜਤਾ ਵਧਾਉਣ ਲਈ ਮੈਂਬਰ ਦੇਸ਼ ਆਮ ਲੋਕਾਂ ਨੂੰ ਇਕ ਦੂਜੇ ਨਾਲ ਮਿਲਣ ਅਤੇ ਸਬੰਧ ਬਣਾਉਣ ਲਈ ਉਤਸਾਹਿਤ ਕਰਨਗੇ।

**ਅਧਿਆਇ ਤੀਜਾ : ਸਹਿਯੋਗ (Co-operation)**

**ਆਰਟੀਕਲ 4**–ਮੈਂਬਰ ਦੇਸ਼ ਆਪਸ ਵਿਚ ਆਰਥਿਕ, ਸਮਾਜਿਕ, ਤਕਨੀਕੀ, ਵਿਗਿਆਨਕ ਅਤੇ ਪ੍ਰਬੰਧ ਦੇ ਖੇਤਰਾਂ ਵਿਚ, ਅੰਤਰ-ਰਾਸ਼ਟਰੀ ਸ਼ਾਂਤੀ, ਖੇਤਰੀ ਸਥਿਰਤਾ ਅਤੇ ਹੋਰ ਆਮ ਹਿੱਤਾਂ ਦੇ ਸਬੰਧਾਂ ਵਿਚ ਪੂਰਨ ਸਹਿਯੋਗ ਕਰਨਗੇ।

**ਆਰਟੀਕਲ 5**–ਆਰਟੀਕਲ ਚੌਥੇ ਦੇ ਸਬੰਧ ਵਿਚ ਮੈਂਬਰ ਦੇਸ਼ ਬਹੁ-ਪੱਖੀ ਅਤੇ ਦੋ-ਪੱਖੀ ਸਬੰਧਾਂ ਵਿਚ ਇਕ ਦੂਜੇ ਨਾਲ ਬਰਾਬਰਤਾ, ਬਿਨਾਂ ਕਿਸੇ ਭੇਦਭਾਵ ਅਤੇ ਆਪਸੀ ਫਾਇਦੇ ਲਈ ਪੂਰਨ ਸਹਿਯੋਗ ਕਰਨਗੇ।

**ਆਰਟੀਕਲ 6**–ਦੱਖਣੀ ਪੂਰਬੀ ਏਸ਼ੀਆਈ ਖੇਤਰ ਦੇ ਆਰਥਿਕ ਵਿਕਾਸ ਅਤੇ ਤਰੱਕੀ ਲਈ ਮਜ਼ਬੂਤ ਆਧਾਰ ਬਣਾਉਣਾ। ਇਸ ਲਈ ਖੇਤੀਬਾੜੀ ਅਤੇ ਉਦਯੋਗ ਦੇ ਖੇਤਰਾਂ ਵਿਚ ਸਾਧਨਾਂ ਦਾ ਪੂਰਾ ਇਸਤੇਮਾਲ ਕਰਨਾ, ਆਪਸੀ ਵਪਾਰ ਨੂੰ ਵਧਾਵਾ ਦੇਣਾ ਤੇ ਹੋਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਗਠਨਾਂ ਨਾਲ ਸਹਿਯੋਗ ਕਰਨਾ।

**ਆਰਟੀਕਲ 7**–ਮੈਂਬਰ ਰਾਜਾਂ ਵਿਚ ਸਮਾਜਿਕ ਨਿਆਂ ਅਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਆਰਥਿਕ ਸਹਿਯੋਗ ਕਰਨਾ ਤੇ ਇਸ ਖੇਤਰ ਦੀ ਆਰਥਿਕ ਉੱਨਤੀ ਅਤੇ ਆਪਸੀ ਸਹਿਯੋਗ ਲਈ ਖੇਤਰੀ ਨੀਤੀਆਂ ਬਣਾਉਣਾ।

**ਆਰਟੀਕਲ 8**–ਮੈਂਬਰ ਦੇਸ਼ ਟ੍ਰੇਨਿੰਗ, ਸਮਾਜਿਕ, ਸੰਸਕ੍ਰਿਤਕ, ਤਕਨੀਕੀ, ਵਿਗਿਆਨਕ ਅਤੇ ਪ੍ਰਬੰਧਕੀ ਖੋਜ ਦੇ ਖੇਤਰਾਂ ਵਿਚ ਇਕ ਦੂਜੇ ਨਾਲ ਬਹੁਤ ਨਜ਼ਦੀਕੀ ਅਤੇ ਉੱਚ-ਪੱਧਰੀ ਤਾਲਮੇਲ ਸਥਾਪਿਤ ਕਰਨਗੇ ਤੇ ਇਕ ਦੂਜੇ ਦੀ ਪੂਰੀ ਮੱਦਦ ਕਰਨਗੇ।

**ਆਰਟੀਕਲ 9**–ਮੈਂਬਰ ਦੇਸ਼ ਇਸ ਖੇਤਰ ਦੀ ਸ਼ਾਂਤੀ, ਸਹਿਹੋਂਦ ਅਤੇ ਸਥਿਰਤਾ ਬਣਾਈ ਰੱਖਣ ਲਈ, ਖੇਤਰੀ ਅਤੇ ਅੰਤਰ-ਰਾਸ਼ਟਰੀ ਮਸਲਿਆਂ ਤੇ ਗੱਲਬਾਤ ਕਰਨ ਲਈ ਇਕ ਦੂਜੇ ਨਾਲ ਹਮੇਸ਼ਾ ਸੰਪਰਕ ਵਿਚ ਰਹਿਣਗੇ ਤਾਂ ਜੋ ਢੁਕਵੀਆਂ ਨੀਤੀਆਂ ਬਣਾ ਕੇ ਕੰਮ ਕੀਤਾ ਜਾ ਸਕੇ।

**ਆਰਟੀਕਲ 10**–ਮੈਂਬਰ ਦੇਸ਼ ਕਿਸੇ ਵੀ ਅਜਿਹੀ ਗਤੀਵਿਧੀ ਦਾ ਹਿੱਸਾ ਨਹੀਂ ਬਣਨਗੇ ਜਿਸ ਨਾਲ ਮੈਂਬਰਾਂ ਦੀ ਰਾਜਨੀਤਿਕ ਅਤੇ ਆਰਥਿਕ ਸਥਿਰਤਾ, ਪ੍ਰਭੂਸੱਤਾ ਜਾਂ ਖੇਤਰੀ ਅਖੰਡਤਾ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਖਤਰਾ ਪੈਦਾ ਹੋਵੇ।

**ਆਰਟੀਕਲ 11**–ਮੈਂਬਰ ਦੇਸ਼ ਇਕ ਦੂਜੇ ਨਾਲ ਰਾਸ਼ਟਰੀ, ਰਾਜਨੀਤਿਕ, ਆਰਥਿਕ, ਸਮਾਜਿਕ ਤੇ ਸੰਸਕ੍ਰਿਤਕ ਅਤੇ ਸੁਰੱਖਿਆ ਸੰਬੰਧਾਂ ਨੂੰ ਮਜ਼ਬੂਤ ਕਰਨਗੇ ਅਤੇ ਇਕ ਦੂਜੇ ਦੀ ਰਾਸ਼ਟਰੀ ਪਛਾਣ ਅਤੇ ਆਦਰਸ਼ਾਂ ਨੂੰ ਬਣਾਈ ਰੱਖਣ ਵਿਚ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ।

**ਆਰਟੀਕਲ 12**–ਮੈਂਬਰ ਦੇਸ਼ ਖੇਤਰੀ ਉੱਨਤੀ ਅਤੇ ਸੁਰੱਖਿਆ ਲਈ ਬਰਾਬਰ ਜਤਨ ਕਰਨਗੇ ਅਤੇ ਉਹ ਖੇਤਰੀ ਸਹਿਯੋਗ ਲਈ ਆਤਮ-ਵਿਸ਼ਵਾਸ, ਸਵੈ- ਨਿਰਭਰਤਾ, ਆਪਸੀ ਇੱਜ਼ਤ-ਮਾਣ ਅਤੇ ਹਰ ਤਰ੍ਹਾਂ ਦੇ ਸਹਿਯੋਗ ਨਾਲ ਕੰਮ ਕਰਨਗੇ ਤਾਂ ਜੋ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਲਈ ਇਕ ਮਜ਼ਬੂਤ ਆਧਾਰਭੂਤ ਢਾਂਚਾ ਪ੍ਰਦਾਨ ਕੀਤਾ ਜਾ ਸਕੇ।

**ਅਧਿਆਇ ਚੌਥਾ : ਝਗੜਿਆਂ ਦਾ ਸ਼ਾਂਤੀਪੂਰਨ ਹਲ (Pacific Settlement of Disputes)**

**ਆਰਟੀਕਲ 13**–ਮੈਂਬਰ ਦੇਸ਼ ਆਪਸੀ ਝਗੜਿਆਂ ਦਾ ਹੱਲ ਸ਼ਾਂਤੀਪੂਰਨ ਤਰੀਕਿਆਂ ਨਾਲ ਲੱਭਣਗੇ ਤਾਂ ਜੋ ਇਸ ਖੇਤਰ ਦੀ ਸ਼ਾਂਤੀ ਅਤੇ ਸੁਰੱਖਿਆ ਭੰਗ ਨਾ ਹੋਵੇ। ਇਸ ਲਈ ਉਹ ਕਿਸੇ ਵੀ ਆਪਸੀ ਝਗੜੇ ਦਾ ਹੱਲ ਹੋਣ ਤੱਕ ਤਾਕਤ ਦਾ ਇਸਤੇਮਾਲ ਜਾਂ ਧਮਕੀ ਦਾ ਸਹਾਰਾ ਨਹੀਂ ਲੈਣਗੇ।

**ਆਰਟੀਕਲ 14**–ਝਗੜਿਆਂ ਦਾ ਹਲ ਲਈ, ਮੈਂਬਰ ਦੇਸ਼, ਝਗੜੇ ਵਾਲੇ ਦੇਸ਼ਾਂ ਵਿਚੋਂ ਪ੍ਰਤੀਨਿਧੀ ਲੈ ਕੇ ਇਕ ਉੱਚ-ਪੱਤਰੀ ਕਮੇਟੀ ਦਾ ਨਿਰਧਾਰਣ ਕਰਨਗੇ ਤਾਂ ਜੋ ਝਗੜੇ ਦੇ ਅਸਲੀ ਕਾਰਨਾਂ ਦਾ ਪਤਾ ਲਾਇਆ ਜਾ ਸਕੇ ਤੇ ਉਹਨਾਂ ਦਾ ਉਚਿਤ ਹੱਲ ਲੱਭਿਆ ਜਾ ਸਕੇ।

**ਆਰਟੀਕਲ 15**–ਜੇਕਰ ਆਪਸੀ ਗੱਲਬਾਤ ਰਾਹੀਂ ਝਗੜੇ ਦਾ ਕੋਈ ਹਲ ਨਾ ਨਿਕਲੇ ਤਾਂ ਉੱਚ-ਕੌਂਸਲ ਝਗੜੇ ਦੇ ਕਾਰਨਾਂ ਦਾ ਜਾਇਜ਼ਾ ਲਵੇਗੀ ਤੇ ਉਸ ਝਗੜੇ ਨੂੰ ਸੱਤ-ਸੇਵਾ, ਵਿਚੋਲਗੀ, ਜਾਂਚ ਅਤੇ ਸੁਲਹ-ਸਫਾਈ (good offices, mediation, inquiry & conciliation) ਨਾਲ ਹੱਲ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਜੋ ਹਾਲਾਤਾਂ ਨੂੰ ਹੋਰ ਖਰਾਬ ਹੋਣ ਤੋਂ ਬਚਾਇਆ ਜਾ ਸਕੇ।

**ਆਰਟੀਕਲ 16**–ਦੋ ਦੇਸ਼ਾਂ ਵਿਚਕਾਰ ਝਗੜਾ ਹੋਣ ਦੀ ਸੂਰਤ ਵਿਚ ਕੋਈ ਵੀ ਤੀਜਾ ਦੇਸ਼ ਦਖ਼ਲ-ਅੰਦਾਜ਼ੀ ਨਹੀਂ ਕਰੇਗਾ ਤੇ ਉਪਰੋਕਤ ਦੱਸੇ ਤਰੀਕਿਆਂ ਨੂੰ ਵੀ, ਜੇਕਰ ਝਗੜੇ ਵਾਲੇ ਦੇਸ਼ ਸਹਿਮਤ ਹੋਣ, ਤਾਂ ਹੀ ਲਾਗੂ ਕੀਤਾ ਜਾਵੇਗਾ।

**ਆਰਟੀਕਲ 17**–ਮੈਂਬਰ ਦੇਸ਼ ਸੰਯੁਕਤ ਰਾਸ਼ਟਰ ਸੰਘ ਰਾਹੀਂ ਨਿਰਧਾਰਿਤ ਝਗੜਿਆਂ ਦੇ ਸ਼ਾਂਤੀਪੂਰਨ ਹੱਲ ਲਈ ਤਰੀਕਿਆਂ ਤੋਂ ਇਲਾਵਾ, ਆਪਸੀ ਝਗੜਿਆਂ ਨੂੰ ਹੱਲ ਕਰਨ ਲਈ, ਕੋਈ ਵੀ ਹੋਰ ਤਰੀਕੇ ਅਪਣਾਉਣ ਤੋਂ ਪਹਿਲਾਂ, ਆਰਟੀਕਲ 33(1) ਵਿਚ ਦੱਸੇ ਗਏ ਤਰੀਕਿਆਂ ਰਾਹੀਂ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ।

**ਅਧਿਆਇ ਪੰਜਵਾਂ : ਆਮ (General Provision)**

**ਆਰਟੀਕਲ 18**–ਇਸ ਸੰਧੀ ਉੱਤੇ ਇੰਡੋਨੇਸ਼ੀਆ, ਮਲੇਸ਼ੀਆ, ਫਿਲੀਪੀਂਸ, ਸਿੰਗਾਪੁਰ ਅਤੇ ਥਾਈਲੈਂਡ ਦੁਆਰਾ ਦਸਤਖ਼ਤ ਕੀਤੇ ਜਾਣਗੇ ਤੇ ਇਹ ਸੰਧੀ ਹਰ ਦੇਸ਼ ਦੀ ਕਾਨੂੰਨੀ ਪ੍ਰਕ੍ਰਿਆ ਵਿਚੋਂ ਲੰਘਣ ਤੋਂ ਬਾਅਦ ਹੀ ਵੈਧ (Legal) ਮੰਨੀ ਜਾਵੇਗੀ ਤੇ ਇਹ ਸੰਧੀ ਦੱਖਣੀ ਪੂਰਬੀ ਏਸ਼ੀਆ ਦੇ ਕਿਸੇ ਵੀ ਹੋਰ ਦੇਸ਼ ਦੇ ਸ਼ਾਮਿਲ ਹੋਣ ਲਈ ਖੁੱਲ੍ਹੀ ਰਹੇਗੀ।

**ਆਰਟੀਕਲ 19**–ਇਹ ਸੰਧੀ, ਜਦੋਂ ਪੰਜੇ ਦੇਸ਼ਾਂ ਦੀ ਸਰਕਾਰਾਂ ਇਸ ਨੂੰ ਵੈਧ ਘੋਸ਼ਿਤ ਕਰਨਗੀਆਂ, ਤੋਂ ਬਾਅਦ ਹੀ ਹੋਂਦ ਵਿਚ ਆਵੇਗੀ।

**ਆਰਟੀਕਲ 20**–ਇਸ ਸੰਧੀ ਨੂੰ ਮੈਂਬਰ ਦੇਸ਼ਾਂ ਦੀਆਂ ਸਰਕਾਰੀ ਭਾਸ਼ਾਵਾਂ ਵਿਚ ਲਿਖਿਆ ਜਾਵੇਗਾ ਤੇ ਇਸ ਦਾ ਇਕ ਸਾਂਝਾ ਅਨੁਵਾਦ ਅੰਗ੍ਰੇਜ਼ੀ ਵਿਚ ਕੀਤਾ ਜਾਵੇਗਾ ਤੇ ਅਨੁਵਾਦ ਵਿਚ ਕਿਸੇ ਵੀ ਤਰ੍ਹਾਂ ਦੇ ਮਤਭੇਦ ਨੂੰ ਆਪਸੀ ਗੱਲਬਾਤ ਰਾਹੀਂ ਨਜਿੱਠਿਆ ਜਾਵੇਗਾ।

ਅੰਤਰ-ਰਾਸ਼ਟਰੀ ਅੱਤਵਾਦ ਸੰਸਾਰ ਦੇ ਲੱਗਭਗ ਸਾਰੇ ਹੀ ਮੁਲਕਾਂ ਲਈ ਇਕ ਵੱਡੀ ਸਮੱਸਿਆ ਹੈ। ਇਸੇ ਤਰ੍ਹਾਂ ਆਸਿਆਨ ਦੇਸ਼ ਵੀ ਇਸ ਤੋਂ ਅਛੂਤੇ ਨਹੀਂ ਹਨ। ਖਾਸ ਕਰਕੇ ਫਿਲੀਪੀਂਸ, ਮਿਆਂਮਾਰ ਅਤੇ ਥਾਈਲੈਂਡ ਆਦਿ ਦੇਸ਼ਾਂ ਵਿਚ ਇਹ ਸਮੱਸਿਆ ਬਹੁਤ ਹੀ ਗੰਭੀਰ ਹੈ। ਕਈ ਅੱਤਵਾਦੀ ਸੰਗਠਨਾਂ ਨੇ ਆਪਣੇ ਅੱਡੇ, ਖਾਸ ਕਰਕੇ ਮਿਆਂਮਾਰ ਅਤੇ ਥਾਈਲੈਂਡ ਵਿਚ ਬਣਾਏ ਹੋਏ ਹਨ, ਜੋ ਕਿ ਇਹਨਾਂ ਦੇਸ਼ਾਂ ਲਈ ਸੁਰੱਖਿਆ ਸਮੱਸਿਆਵਾਂ ਪੈਦਾ ਕਰਦੇ ਹਨ।

ਪਾਣੀਆਂ ਦੀ ਵੰਡ ਵੀ ਇਹਨਾਂ ਦੇਸ਼ਾਂ ਦੇ ਰਿਸ਼ਤਿਆਂ, ਖਾਸ ਕਰਕੇ ਮਲੇਸ਼ੀਆ ਅਤੇ ਸਿੰਗਾਪੁਰ ਵਿਚਕਾਰ, ਕਈ ਵਾਰ ਤਣਾਅ ਦਾ ਕਾਰਨ ਬਣਦੀ ਹੈ।

ਆਸਿਆਨ ਦੇ ਕਈ ਦੇਸ਼ਾਂ ਵਿਚ ਰਾਜਨੀਤਿਕ ਅਸਥਿਰਤਾ ਹੋਣ ਕਾਰਨ, ਖਾਸ ਕਰਕੇ ਇੰਡੋਨੇਸ਼ੀਆ, ਕੰਬੋਡੀਆ ਅਤੇ ਮਿਆਂਮਾਰ ਵਿਚ, ਕਈ ਲੋਕ ਭੱਜ ਕੇ ਗੈਰ- ਕਾਨੂੰਨੀ ਤਰੀਕੇ ਨਾਲ ਦੂਜੇ ਦੇਸ਼ਾਂ ਵਿਚ ਸ਼ਰਨਾਰਥੀ ਬਣ ਕੇ ਚਲੇ ਜਾਂਦੇ ਹਨ ਜਿਸ ਨਾਲ ਕਈ ਤਰ੍ਹਾਂ ਦੀਆਂ ਸਮਾਜਿਕ ਅਤੇ ਸੁਰੱਖਿਆ ਸਬੰਧੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਇਹਨਾਂ ਤੋਂ ਇਲਾਵਾ ਆਸਿਆਨ ਦੇਸ਼ ਊਰਜਾ ਸੋਮਿਆਂ ਦੀ ਘਾਟ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸਾਇਬਰ ਜੁਰਮ (Cyber Crime) ਆਦਿ ਸਮੱਸਿਆਵਾਂ ਦਾ ਵੀ ਸਾਹਮਣਾ ਕਰ ਰਹੇ ਹਨ।

**ਆਸਿਆਨ ਦੀਆਂ ਮੁਸ਼ਕਲਾਂ ਅਤੇ ਪ੍ਰਾਪਤੀਆਂ (Problems and Achievements of ASEAN)**

ਜਿਵੇਂ ਕਿ ਪਹਿਲਾਂ ਹੀ ਇਸ ਗੱਲ ਦਾ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਭਾਵੇਂ ਆਸਿਆਨ ਦੀ ਸਥਾਪਨਾ 1967 ਵਿਚ ਹੀ ਹੋ ਗਈ ਸੀ ਪਰ ਇਸਨੇ ਪੂਰਨ ਰੂਪ ਵਿਚ ਕੰਮ-ਕਾਜ ਦੀ ਰਫਤਾਰ 80 ਦੇ ਦਹਾਕੇ ਵਿਚ ਹੀ ਫੜੀ। ਪਹਿਲੇ ਦਹਾਕੇ ਵਿਚ ਤਾਂ ਆਸਿਆਨ ਨੇਤਾਵਾਂ ਵਿਚਕਾਰ ਇਸ ਸੰਗਠਨ ਦੀ ਰੂਪ-ਰੇਖਾ, ਸਿਧਾਂਤਾਂ ਅਤੇ ਆਪਸੀ ਸਹਿਯੋਗ ਦੇ ਤਰੀਕਿਆਂ ਨੂੰ ਬਣਾਉਣ ਤੇ ਹੀ ਵਿਚਾਰ ਵਟਾਂਦਰਾ ਹੁੰਦਾ ਰਿਹਾ। ਜਦੋਂ ਆਸਿਆਨ ਸਹਿਯੋਗ ਸੰਗਠਨ ਬਣਾਉਣ ਦੀ ਚਰਚਾ ਸ਼ੁਰੂ ਹੋਈ ਸੀ ਤਾਂ ਉਸ ਸਮੇਂ ਦੱਖਣੀ ਪੂਰਬੀ ਏਸ਼ੀਆਈ ਦੇਸ਼ ਰਾਜਨੀਤਿਕ ਅਸਥਿਰਤਾ ਅਤੇ ਆਰਥਿਕ ਤੌਰ ਤੇ ਪਛੜੇਪਨ ਦੀ ਸਥਿਤੀ ਵਿਚੋਂ ਲੰਘ ਰਹੇ ਸਨ। ਇਸ ਤੋਂ ਇਲਾਵਾ ਠੰਢੀ ਜੰਗ ਵੀ ਆਪਣੇ ਪੂਰੇ ਜੋਰਾਂ ਤੇ ਸੀ ਤੇ ਮਹਾਂਸ਼ਕਤੀਆਂ (ਸੋਵੀਅਤ ਯੂਨੀਅਨ ਅਤੇ ਅਮਰੀਕਾ) ਵੀ ਆਪੋ-ਆਪਣਾ ਪ੍ਰਭਾਵ ਇਸ ਖੇਤਰ ਵਿਚ ਵਧਾਉਣ ਵਿਚ ਲੱਗੀਆਂ ਹੋਈਆਂ ਸਨ। ਵੀਅਤਨਾਮ ਜੰਗ, ਸੋਵੀਅਤ ਦਖਲ-ਅੰਦਾਜੀ, ਅਮਰੀਕਾ ਦੁਆਰਾ ਬਣਾਇਆ ਗਿਆ ਸੈਨਿਕ ਸੰਗਠਨ 'ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਦਾ ਸੰਗਠਨ' (ਸੀਟੋ) (South East Asian Treaty Organisation-SEATO), ਸੋਵੀਅਤ ਸੰਘ ਦਾ ਏਸ਼ੀਆ ਦੇ ਰਾਜਾਂ ਲਈ ਸਮੂਹਿਕ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦਾ ਪ੍ਰਸਤਾਵ ਆਦਿ ਇਸ ਖੇਤਰ ਦੀਆਂ ਰਾਜਨੀਤਿਕ ਅਤੇ ਆਰਥਿਕ ਮੁਸ਼ਕਲਾਂ ਵਿਚ ਵਾਧਾ ਕਰ ਰਹੇ ਸਨ ਤੇ ਉਹਨਾਂ ਦੀ ਤਰੱਕੀ ਦੀ

ਰਾਹ ਵਿਚ ਰੋੜਾ ਬਣੇ ਹੋਏ ਸਨ। ਇਹਨਾਂ ਤੋਂ ਇਲਾਵਾ ਆਸਿਆਨ ਦੇਸ਼ਾਂ ਵਿਚਕਾਰ ਕੁਝ ਆਪਸੀ ਝਗੜੇ ਵੀ ਸਨ ਜਿਹਨਾਂ ਕਾਰਨ ਇਹਨਾਂ ਦੇਸ਼ਾਂ ਵਿਚਕਾਰ ਆਪਸੀ ਸ਼ੱਕ ਅਤੇ ਦੁਸ਼ਮਣੀ ਦੀ ਭਾਵਨਾ ਬਣੀ ਹੋਈ ਸੀ। ਸੀਟੋ ਦੇ ਟੁੱਟਣ ਤੋਂ ਬਾਅਦ ਆਸਿਆਨ ਦੇਸ਼ਾਂ ਨੇ ਆਰਥਿਕ ਤਰੱਕੀ ਲਈ ਸਾਂਝਾ ਯਤਨ ਕਰਨ ਦਾ ਮਨ ਬਣਾਇਆ। ਪਰ ਵੀਅਤਨਾਮ ਦੁਆਰਾ 1978 ਵਿਚ ਕੰਬੋਡੀਆ ਤੇ ਹਮਲੇ ਨਾਲ ਇਹ ਕੋਸ਼ਿਸ਼ਾਂ ਕਮਜ਼ੋਰ ਹੋ ਗਈਆਂ ਕਿਉਂਕਿ ਇਹ ਝਗੜਾ ਸਿਰਫ ਵੀਅਤਨਾਮ ਅਤੇ ਕੰਬੋਡੀਆ ਦਾ ਨਾ ਹੋ ਕੇ ਸੋਵੀਅਤ ਸੰਘ ਅਤੇ ਅਮਰੀਕਾ ਦਾ ਬਣ ਗਿਆ ਸੀ। ਪਰ ਆਸਿਆਨ ਦੇਸ਼ਾਂ ਦੇ ਨੇਤਾਵਾਂ ਨੇ ਇਸ ਖੇਤਰ ਵਿਚ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣ ਲਈ ਕੂਟਨੀਤਿਕ ਕੋਸ਼ਿਸ਼ਾਂ ਲਗਾਤਾਰ ਜਾਰੀ ਰੱਖੀਆਂ।

**ਆਸਿਆਨ ਦੇਸ਼ਾਂ ਦੀਆਂ ਮੁਸ਼ਕਲਾਂ ਅਤੇ ਮੁੱਖ ਅੰਦਰੂਨੀ ਝਗੜੇ (Problems and Internal disputes of ASEAN)**

ਠੰਢੀ ਜੰਗ ਦੇ ਖਾਤਮੇ ਤੋਂ ਬਾਅਦ ਆਸਿਆਨ ਦੇਸ਼ਾਂ ਵਿਚਕਾਰ ਕਈ ਝਗੜੇ ਉਭਰ ਕੇ ਸਾਹਮਣੇ ਆਏ ਜਿਨ੍ਹਾਂ ਕਾਰਨ ਆਸਿਆਨ ਦੇਸ਼ਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾਕਰਨਾ ਪਿਆ ਤੇ ਕਈ ਅਜਿਹੇ ਮੌਕੇ ਵੀ ਆਏ ਜਿਨ੍ਹਾਂ ਕਾਰਨ ਇਸ ਖੇਤਰ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਖਤਰਾ ਮਹਿਸੂਸ ਹੋਇਆ। ਇਹਨਾਂ ਵਿਚੋਂ ਕੁਝ ਪ੍ਰਮੁੱਖ ਝਗੜੇ ਹੇਠ ਲਿਖੇ ਹਨ :

**ਮਲੇਸ਼ੀਆ ਅਤੇ ਸਿੰਗਾਪੁਰ (Malaysia and Singapore)**

ਮਲੇਸ਼ੀਆ ਅਤੇ ਸਿੰਗਾਪੁਰ ਵਿਚਕਾਰ ਪੈਦਰਾ ਬਰਾਂਕਾ (Pedra Branca) ਟਾਪੂ ਨੂੰ ਲੈ ਕੇ ਝਗੜਾ ਸੀ। ਸਿੰਗਾਪੁਰ ਦਾ ਦਾਅਵਾ ਸੀ ਕਿ ਉਸਦਾ ਇਸ ਟਾਪੂ ਤੇ 1840 ਤੋਂ ਕਬਜ਼ਾ ਹੈ ਉਥੇ ਮਲੇਸ਼ੀਆ ਦਾ ਕਹਿਣਾ ਸੀ ਕਿ ਇਹ ਟਾਪੂ ਮਲੇਸ਼ੀਆ ਦੇ ਜੋਹੋਰ ਰਾਜ ਅਧੀਨ ਪੈਂਦਾ ਹੈ। 1989 ਵਿਚ ਸਿੰਗਾਪੁਰ ਨੇ ਅੰਤਰ-ਰਾਸ਼ਟਰੀ ਅਦਾਲਤ ਵਲੋਂ ਇਸ ਝਗੜੇ ਨੂੰ ਸੁਲਝਾਉਣ ਦੀ ਵਕਾਲਤ ਕੀਤੀ ਪਰ ਇਹ ਗੱਲ ਸਿਰੇ ਨਾ ਚੜੀ। ਸਿੰਗਾਪੁਰ ਵਲੋਂ ਇਸ ਟਾਪੂ ਤੇ ਹੈਲੀਪੈਡ ਬਣਾਉਣ ਨਾਲ ਦੋਹਾਂ ਦੇਸ਼ਾਂ ਵਿਚਕਾਰ ਕਈ ਵਾਰ ਤਣਾਅ ਦੀ ਸਥਿਤੀ ਵੀ ਬਣੀ। ਇਸ ਮਸਲੇ ਦਾ ਅਜੇ ਤੱਕ ਕੋਈ ਪੱਕਾ ਹੱਲ ਨਹੀਂ ਲੱਭਿਆ ਜਾ ਸਕਿਆ ਹੈ।

**ਮਲੇਸ਼ੀਆ ਅਤੇ ਇੰਡੋਨੇਸ਼ੀਆ (Malaysia and Indonesia)**

ਮਲੇਸ਼ੀਆ ਅਤੇ ਇੰਡੋਨੇਸ਼ੀਆ ਵਿਚਕਾਰ ਸਬਾਹ - ਕਾਲੀਮੈਂਟਨ (Sabah-Kalimantan) ਸਰਹੱਦ ਤੇ ਦੋ ਟਾਪੂਆਂ ਸਿਪਾਟਨ ਅਤੇ ਲਿਜੀਟਨ (Sipatan and Ligitan) ਨੂੰ ਲੈ ਕੇ ਝਗੜਾ ਸੀ। ਮਲੇਸ਼ੀਆ ਅਤੇ ਸਿੰਗਾਪੁਰ ਦੋਨਾਂ ਨੇ ਡੱਚ ਅਤੇ ਬਰਤਾਨੀਆ ਸਮੇਂ ਦੇ ਨਕਸ਼ੇ ਪੇਸ਼ ਕੀਤੇ ਤੇ ਇਨ੍ਹਾਂ ਟਾਪੂਆਂ ਉੱਤੇ ਆਪੋ-ਆਪਣਾ ਹਕ ਜਤਾਇਆ। ਸੰਨ 1982 ਵਿਚ ਦੋਹਾਂ ਦੇਸ਼ਾਂ ਵਿਚਕਾਰ ਇਹਨਾਂ ਝਗੜਿਆਂ ਨੂੰ ਲੈ ਕੇ ਸਥਿਤੀ ਨੂੰ ਜਿਉਂ ਦੀ ਤਿਉਂ (status quo) ਬਣਾਈ ਰੱਖਣ ਲਈ ਸਮਝੌਤਾ ਹੋਇਆ ਸੀ ਪਰ 1991 ਵਿਚ ਮਲੇਸ਼ੀਆ ਵਲੋਂ ਇਨ੍ਹਾਂ ਟਾਪੂਆਂ ਤੇ ਸੈਰ-ਸਪਾਟੇ ਲਈ ਬਣਾਏ ਜਾ ਰਹੇ ਪ੍ਰੋਜੈਕਟਾਂ ਦਾ ਇੰਡੋਨੇਸ਼ੀਆ ਵਲੋਂ ਵਿਰੋਧ ਕੀਤਾ ਗਿਆ। ਬਾਅਦ ਵਿਚ ਦੋਹਾਂ ਦੇਸ਼ਾਂ ਦੁਆਰਾ ਇਸ ਮਸਲੇ ਨੂੰ ਅੰਤਰ-ਰਾਸ਼ਟਰੀ ਅਦਾਲਤ ਵਲੋਂ ਹੱਲ ਕਰਵਾਉਣ ਦਾ ਫੈਸਲਾ ਲਿਆ ਗਿਆ। ਪਰ ਅਜੇ ਤਕ ਇਸ ਮਸਲੇ ਦਾ ਕੋਈ ਸਥਾਈ ਹੱਲ ਨਹੀਂ ਨਿਕਲਿਆ ਹੈ ਅਤੇ ਦੋਹਾਂ ਦੇਸ਼ਾਂ ਨੇ ਇਸ ਮਾਮਲੇ ਤੇ ਜਿਉਂ ਦੀ ਤਿਉਂ ਸਥਿਤੀ ਨੂੰ ਕਾਇਮ ਰੱਖਣ ਦਾ ਫ਼ੈਸਲਾ ਲਿਆ ਹੋਇਆ ਹੈ।

**ਮਲੇਸ਼ੀਆ ਅਤੇ ਥਾਈਲੈਂਡ (Malaysia and Thailand)**

ਮਲੇਸ਼ੀਆ ਅਤੇ ਥਾਈਲੈਂਡ ਵਿਚਕਾਰ ਸਰਹੱਦ ਸਬੰਧੀ ਝਗੜਾ ਵੀ ਕਾਫੀ ਦੇਰ ਤੋਂ ਚਲਿਆ ਆ ਰਿਹਾ ਹੈ। ਅਸਲ ਵਿਚ ਦੋਹਾਂ ਵਿਚਕਾਰ 1922 ਵਿਚ ਇਕ ਸੰਧੀ ਹੋਈ ਸੀ ਜਿਸ ਵਿਚ ਥਾਈਲੈਂਡ ਦੇ ਸੈਨਿਕਾਂ ਨੂੰ ਸਰਹੱਦ ਪਾਰ ਕਰਕੇ ਕੋਈ ਵੀ ਕਾਰਵਾਈ ਕਰਨ ਦੀ ਇਜ਼ਾਜਤ ਦਿੱਤੀ ਗਈ ਸੀ। ਪਰ ਮਲੇਸ਼ੀਆ ਇਸ ਸਬੰਧੀ ਤੇ ਦੁਬਾਰਾ ਵਿਚਾਰ ਕਰਨ ਦੀ ਮੰਗ ਕਰ ਰਿਹਾ ਸੀ। ਸੰਨ 1991 ਵਿਚ ਥਾਈਲੈਂਡ ਅਤੇ ਮਲੇਸ਼ੀਆ ਦੀ ਸੈਨਾਵਾਂ ਵਿਚਕਾਰ ਛੋਟੀ ਜਿਹੀ ਝੜਪ ਵੀ ਹੋਈ ਸੀ। ਇਸ ਮਸਲੇ ਨੂੰ ਮਲੇਸ਼ੀਆ- ਥਾਈਲੈਂਡ ਦੁਆਰਾ ਬਣਾਈ ਗਈ ਸਾਂਝੀ ਕਮੇਟੀ ਦੇ ਸਪੁਰਦ ਕੀਤਾ ਗਿਆ ਹੈ ਪਰ ਅਜੇਗਿਆ। ਇਸ ਤੋਂ ਇਲਾਵਾ ਅੰਤਰ-ਰਾਸ਼ਟਰੀ ਅੱਤਵਾਦ, ਵਾਤਾਵਰਣ ਦੇ ਦੂਸ਼ਿਤ ਹੋਣ ਦੀ ਸਮੱਸਿਆ ਅਤੇ ਮਾਰੂ ਬਿਮਾਰੀਆਂ ਦੀ ਰੋਕਥਾਮ ਲਈ ਵੀ ਸਾਂਝੇ ਯਤਨ ਕੀਤੇ ਜਾਣ ਤੇ ਵੀ ਸਹਿਮਤੀ ਪ੍ਰਗਟ ਕੀਤੀ ਗਈ। ਇਹ ਸੰਮੇਲਨ ਸਿੰਗਾਪੁਰ ਤੇ ਪ੍ਰਧਾਨਮੰਤਰੀ ਦੇ ਧੰਨਵਾਦ ਮਤੇ ਨਾਲ ਖਤਮ ਹੋਇਆ।

ਤੱਕ ਇਸ ਮਸਲੇ ਦਾ ਕੋਈ ਵੀ ਸਥਾਈ ਹੱਲ ਨਹੀਂ ਕੱਢਿਆ ਜਾ ਸਕਿਆ ਹੈ।

**ਮਲੇਸ਼ੀਆ ਅਤੇ ਬਰੂਨੇਈ (Malaysia and Brunei)**

ਮਲੇਸ਼ੀਆ ਅਤੇ ਬਰੂਨੇਈ ਵਿਚਕਾਰ ਵਿਚ ਸਮੁੰਦਰੀ ਸਰਹੱਦ ਨੂੰ ਲੈ ਕੇ ਸਮੱਸਿਆ ਬਣੀ ਹੋਈ ਹੈ। ਇਹਨਾਂ ਦੇਸ਼ਾਂ ਵਿਚਕਾਰ ਸਮੁੰਦਰ ਵਿਚ ਕੌਂਟੀਨੈਂਟਲ ਸ਼ੈਲਫ (Continental Shelf) ਅਤੇ ਮਲੇਸ਼ੀਆ ਦੇ ਅਧਿਕਾਰ ਹੇਠ ਪੈਂਦੇ ਲਾਉਸਾ ਰੀਫ਼ (Lousa Reef) ਦੇ ਝਗੜੇ ਦਾ ਅਜੇ ਤੱਕ ਕੋਈ ਹੱਲ ਨਹੀਂ ਲੱਭਿਆ ਜਾ ਸਕਿਆ ਹੈ। ਇਸ ਤੋਂ ਇਲਾਵਾ ਇਹਨਾਂ ਦੇਸ਼ਾਂ ਵਿਚਕਾਰ ਲਿਮਬਾਰਗ ਘਾਟੀ (Limbarg Valley) ਵਿਚ ਜ਼ਮੀਨੀ ਸਰਹੱਦੀ ਸਮੱਸਿਆ ਵੀ ਤਣਾਅ ਦਾ ਕਾਰਨ ਬਣੀ ਹੋਈ ਹੈ।

**ਮਲੇਸ਼ੀਆ ਅਤੇ ਫਿਲੀਪੀਂਸ (Malaysia and Phillipines)**

ਇਸੇ ਤਰ੍ਹਾਂ ਹੀ ਮਲੇਸ਼ੀਆ ਅਤੇ ਫਿਲੀਪੀਂਸ ਵਿਚਕਾਰ ਸਬਾਹ (Sabah) ਖੇਤਰ ਨੂੰ ਲੈ ਕੇ ਝਗੜਾ ਸੀ ਜਿਸ ਨੂੰ ਆਸਿਆਨ ਦਾ ਸਭ ਤੋਂ ਸੰਵੇਦਨਸ਼ੀਲ ਝਗੜਾ ਮੰਨਿਆ ਜਾਂਦਾ ਸੀ। ਇਸ ਝਗੜੇ ਦਾ ਮੁੱਖ ਕਾਰਨ ਫਿਲੀਪੀਂਸ ਦੇ ਲਗਭਗ (100,000 ਤੋਂ 400,000) ਸ਼ਰਨਾਰਥੀਆਂ ਦਾ ਮਲੇਸ਼ੀਆ ਦੇ ਸਬਾਹ ਖੇਤਰ ਵਿਚ ਪ੍ਰਵੇਸ਼ ਕਰਨਾ ਸੀ ਜਿਸ ਕਾਰਨ ਮਲੇਸ਼ੀਆ ਵਿਚ ਕਈ ਸੁਰੱਖਿਆ ਸਮੱਸਿਆਵਾਂ ਪੈਦਾ ਹੋ ਗਈਆਂ ਸਨ। ਹੁਣ ਤੱਕ ਇਸ ਮਸਲੇ ਦਾ ਵੀ ਕੋਈ ਹੱਲ ਨਹੀਂ ਲੱਭਿਆ ਜਾ ਸਕਿਆ ਹੈ। ਇਸ ਤੋਂ ਇਲਾਵਾ ਇਹਨਾਂ ਦੇਸ਼ਾਂ ਵਿਚਕਾਰ ਸੁਲੂ, ਸੈਲਬ ਅਤੇ ਦੱਖਣੀ ਚੀਨੀ ਸਮੁੰਦਰੀ (Sulu, Celebes and South China Sea) ਖੇਤਰ ਵਿਚ ਵੀ ਸਮੁੰਦਰੀ ਸੀਮਾਵਾਂ ਨੂੰ ਲੈ ਕੇ ਝਗੜਾ ਹੈ, ਇਹਨਾਂ ਖੇਤਰਾਂ ਉਤੇ ਵੀਅਤਨਾਮ ਵੀ ਆਪਣਾ ਹੱਕ ਜਤਾਉਂਦਾ ਹੈ ਅਤੇ ਜਿਨ੍ਹਾਂ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲਿਆ ਹੈ।

**ਸਪਾਰਟਲੇ ਟਾਪੂ ਦਾ ਝਗੜਾ (Spartley Island dispute)**

ਦੱਖਣੀ ਚੀਨੀ ਸਮੁੰਦਰ ਵਿਚ ਆਸਿਆਨ ਦੇ ਮੈਂਬਰ ਦੇਸ਼ਾਂ ਫਿਲੀਪੀਂਸ, ਮਲੇਸ਼ੀਆ, ਬਰੂਨੇਈ ਤੇ ਵੀਅਤਨਾਮ ਅਤੇ ਚੀਨ ਅਤੇ ਤਾਈਵਾਨ ਵਿਚ ਸਪਾਰਟਲੇ ਟਾਪੂ (Spartley Island) ਝਗੜੇ ਦੀ ਜੜ ਬਣਿਆ ਹੋਇਆ ਹੈ। ਸਪਾਰਟਲੇ ਟਾਪੂ ਅਸਲ ਵਿਚ 230 ਦੇ ਕਰੀਬ ਛੋਟੇ-ਛੋਟੇ ਟਾਪੂਆਂ ਦਾ ਸਮੂਹ ਹੈ ਜਿਸਦਾ ਖੇਤਰਫਲ ਤਕਰੀਬਨ 2,50,000 ਵਰਗ ਕਿਲੋਮੀਟਰ ਹੈ। ਇਹਨਾਂ ਟਾਪੂਆਂ ਉਤੇ ਫਿਲੀਪੀਂਸ ਨੇ ਕਰੀਬ 60 ਟਾਪੂਆਂ ਤੇ ਆਪਣਾ ਹੱਕ ਜਤਾਇਆ ਹੈ। ਇਹਨਾਂ ਟਾਪੂਆਂ ਦੇ ਅਧਿਕਾਰ ਨੂੰ ਲੈ ਕੇ ਆਸਿਆਨ ਦੇ ਮੈਂਬਰ ਦੇਸ਼ਾਂ ਵਿਚਕਾਰ ਕਈ ਵਾਰ ਝਗੜੇ ਵੀ ਹੋ ਚੁੱਕੇ ਹਨ ਤੇ ਭਵਿੱਖ ਵਿਚ ਵੀ ਇਹ ਆਸਿਆਨ ਦੇਸ਼ਾਂ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ। 1999 ਵਿਚ ਮਲੇਸ਼ੀਆ, ਵੀਅਤਨਾਮ ਅਤੇ ਫਿਲੀਪੀਂਸ ਦੀਆਂ ਸੈਨਾਵਾਂ ਵਿਚਕਾਰ ਇਸ ਝਗੜੇ ਉਪਰ ਗੋਲੀਬਾਰੀ ਵੀ ਹੋਈ ਸੀ। ਭਾਵੇਂ ਇਹਨਾਂ ਦੇਸ਼ਾਂ ਨੇ ਸਮਝੌਤੇ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ ਪਰ ਅਜੇ ਤੱਕ ਇਸ ਝਗੜੇ ਦਾ ਕੋਈ ਸਥਾਈ ਹੱਲ ਨਹੀਂ ਨਿਕਲਿਆ ਹੈ। ਇਸ ਤੋਂ ਇਲਾਵਾ ਵੀ ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਵਿਚਕਾਰ ਕਈ ਝਗੜੇ ਹਨ, ਜੋ ਇਸ ਪ੍ਰਕਾਰ ਹਨ :

ਲਾਓਸ ਅਤੇ ਥਾਈਲੈਂਡ ਦੇ ਮੀਕੋਂਗ ਦਰਿਆ ਸਬੰਧੀ ਝਗੜੇ ਦਾ ਅਜੇ ਤੱਕ ਕੋਈ ਸਥਾਈ ਹੱਲ ਨਹੀਂ ਲੱਭਿਆ ਜਾ ਸਕਿਆ ਹੈ।

ਮਿਆਂਮਾਰ ਅਤੇ ਥਾਈਲੈਂਡ ਵਿਚਕਾਰ 2400 ਕਿਲੋਮੀਟਰ ਦਾ ਸਰਹੱਦੀ ਖੇਤਰ ਅਜੇ ਤੱਕ ਨਿਰਧਾਰਿਤ ਨਹੀਂ ਕੀਤਾ ਜਾ ਸਕਿਆ ਹੈ। 1980 ਵਿਚ ਹੋਏ ਸਮਝੌਤੇ ਦੇ ਬਾਵਜੂਦ ਵੀ ਅਜੇ ਤੱਕ ਇਹ ਝਗੜਾ ਅਜੇ ਤੱਕ ਉਸੇ ਤਰ੍ਹਾਂ ਕਾਇਮ ਹੈ।

ਕੰਬੋਡੀਆ ਅਤੇ ਲਾਓਸ ਵਿਚਕਾਰ ਜ਼ਮੀਨੀ ਅਤੇ ਸਮੁੰਦਰੀ ਸਰਹੱਦਾਂ ਨੂੰ ਲੈ ਕੇ ਝਗੜਾ ਬਣਿਆ ਹੋਇਆ ਹੈ। ਕਿਉਂਕਿ ਇਹਨਾਂ ਦੇਸ਼ਾਂ ਵਿਚਕਾਰ ਸਰਹੱਦਾਂ ਨੂੰ ਨਿਰਧਾਰਿਤ ਨਹੀਂ ਕੀਤਾ ਜਾ ਸਕਿਆ ਹੈ।

ਮਲੇਸ਼ੀਆ, ਥਾਈਲੈਂਡ ਅਤੇ ਵੀਅਤਨਾਮ ਵਿਚਕਾਰ ਥਾਈਲੈਂਡ ਦੀ ਖਾੜੀ ਵਿਚ ਸਮੁੰਦਰੀ ਸਰਹੱਦਾਂ ਨੂੰ ਲੈ ਕੇ ਮਤਭੇਦ ਹਨ।

ਇੰਡੋਨੇਸ਼ੀਆ ਅਤੇ ਫਿਲੀਪੀਂਸ ਵਿਚਕਾਰ ਸੈਲਬਸ ਸਾਗਰ (Celebs Sea) ਵਿਚਕਾਰ ਸਰਹੱਦਾਂ ਦਾ ਨਿਰਧਾਰਨ ਨਹੀਂ ਹੋ ਸਕਿਆ ਹੈ।

ਇੰਡੋਨੇਸ਼ੀਆ ਅਤੇ ਵੀਅਤਨਾਮ ਵਿਚਕਾਰ ਦੱਖਣੀ ਚੀਨੀ ਸਮੁੰਦਰ (South China Sea) ਤੋਂ ਨਾਤੁਨਾ ਟਾਪੂ (Natuna Island) ਵਿਚਕਾਰ ਸਰਹੱਦਾਂ ਦੀ ਸਮੱਸਿਆ ਵੀ ਬਣੀ ਹੋਈ ਹੈ।

ਆਸਿਆਨ ਦੇਸ਼ਾਂ ਦੀਆਂ ਜ਼ਿਆਦਾਤਰ ਸਮੱਸਿਆਵਾਂ ਅਤੇ ਝਗੜੇ ਸਮੁੰਦਰੀ ਅਤੇ ਜ਼ਮੀਨੀ ਸਰਹੱਦਾਂ ਦੇ ਨਾ ਨਿਰਧਾਰਨ ਹੋਣ ਨਾਲ ਹੀ ਜੁੜੀਆਂ ਹੋਈਆਂ ਹਨ। ਇਸਦੇ ਨਾਲ ਹੀ ਆਸਿਆਨ ਦੇਸ਼ਾਂ ਦੀ ਇਕ ਹੋਰ ਵੱਡੀ ਮੁਸ਼ਕਲ ਸਮੁੰਦਰਾਂ ਵਿਚ ਹੋਣ ਵਾਲੀ ਤਸਕਰੀ (Smuggling) ਵੀ ਹੈ। ਮਲਾਕਾ, ਸਿੰਗਾਪੁਰ ਰਸਤਿਆਂ ਅਤੇ ਫਿਲਿਪ ਚੈਨਲ (Phillip Channel) ਆਦਿ ਰਸਤੇ ਸੰਸਾਰ ਵਿਚ ਸਭ ਤੋਂ ਵੱਧ ਮਹੱਤਵਪੂਰਨ ਹੋਣ ਦੇ ਨਾਲ-ਨਾਲ ਖਤਰਿਆਂ ਭਰੇ ਵੀ ਹਨ। ਇਹਨਾਂ ਰਸਤਿਆਂ ਤੋਂ 50-60,000 ਜਹਾਜ਼ ਸਲਾਨਾ ਲੰਘਦੇ ਹਨ ਅਤੇ ਆਸਿਆਨ ਦੇਸ਼ਾਂ (ਜਾਪਾਨ ਸਹਿਤ) ਦੇ ਵਪਾਰ, ਆਯਾਤ-ਨਿਰਯਾਤ, ਤੇਲ ਦੀ ਪੂਰਤੀ ਆਦਿ ਸਭ ਕੁਝ ਇਹਨਾਂ ਰਸਤਿਆਂ ਤੇ ਹੀ ਨਿਰਭਰ ਕਰਦੀ ਹੈ। ਆਸਿਆਨ ਦੇਸ਼ ਸਾਂਝੇ ਯਤਨਾਂ ਰਾਹੀਂ ਇਸ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਜੇ ਤੱਕ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ ਹਨ।

ਅੰਤਰ-ਰਾਸ਼ਟਰੀ ਰਾਜਨੀਤੀ ਦੇ ਕਈ ਮਾਹਿਰਾਂ ਦੀ ਰਾਇ ਹੈ ਕਿ ਆਸਿਆਨ ਦੇ ਕੰਮ ਅਤੇ ਵਿਕਾਸ ਦੀ ਰਫ਼ਤਾਰ ਹੌਲੀ ਤੇ ਨਿਰਾਸ਼ਾਜਨਕ ਰਹੀ ਹੈ। ਉਹਨਾਂ ਅਨੁਸਾਰ ਮੈਂਬਰ ਦੇਸ਼ਾਂ ਵਿਚਕਾਰ ਆਰਥਿਕ ਤੇ ਹੋਰ ਤਰ੍ਹਾਂ ਦਾ ਸਹਿਯੋਗ ਤੇਜੀ ਨਾਲ ਨਹੀਂ ਵਧਿਆ ਹੈ ਜਿਸਦਾ ਮੁੱਖ ਕਾਰਨ ਉਹਨਾਂ ਦੇ ਆਪਸੀ ਹਿੱਤਾਂ ਦਾ ਟਕਰਾਅ ਅਤੇ ਲੋੜੀਂਦੀ ਪੂੰਜੀ ਦੀ ਘਾਟ ਹੈ। ਆਸਿਆਨ ਦੇ ਕਈ ਦੇਸ਼ਾਂ ਦਾ ਝੁਕਾਅ ਪੱਛਮੀ ਦੇਸ਼ਾਂ ਵੱਲ ਵੀ ਜਿਆਦਾ ਹੈ ਤੇ ਇੰਡੋਨੇਸ਼ੀਆ ਨੂੰ ਛੱਡ ਕੇ ਬਾਕੀ ਦੇਸ਼ ਕਈ ਸੁਰੱਖਿਆ ਸਮਝੌਤਿਆਂ ਨਾਲ ਵੀ ਜੁੜੇ ਹੋਏ ਹਨ ਤੇ ਕਈ ਦੇਸ਼ਾਂ ਵਿਚ ਵਿਦੇਸ਼ੀ ਸੈਨਿਕ ਅੱਡੇ ਵੀ ਹਨ।

ਇਹਨਾਂ ਤੋਂ ਇਲਾਵਾ ਆਸਿਆਨ ਦੇਸ਼ ਊਰਜਾ ਸੋਮਿਆਂ ਦੀ ਘਾਟ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸਾਇਬਰ ਜੁਰਮ (Cyber Crime) ਆਦਿ ਸਮੱਸਿਆਵਾਂ ਦਾ ਵੀ ਸਾਹਮਣਾ ਕਰ ਰਹੇ ਹਨ।

**ਪ੍ਰਾਪਤੀਆਂ (Achievements)**

ਆਸਿਆਨ ਦੀਆਂ ਉਪਰੋਕਤ ਦੱਸੀਆਂ ਸਮੱਸਿਆਵਾਂ ਤੋਂ ਇਲਾਵਾ ਇਸ ਸੰਗਠਨ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ। ਸ਼ੁਰੂਆਤੀ ਦੌਰ ਵਿਚ ਇਸ ਸੰਗਠਨ ਦੀ ਵਿਕਾਸ ਦੀ ਰਫ਼ਤਾਰ ਬੇਸ਼ਕ ਘੱਟ ਸੀ ਤੇ ਇਹਨਾਂ ਵਿਚਕਾਰ ਕਈ ਤਰ੍ਹਾਂ ਦੇ ਆਪਸੀ ਮਤਭੇਦ ਅਤੇ ਝਗੜੇ ਵੀ ਸਨ। ਪਰ ਸਮਾਂ ਬੀਤਣ ਦੇ ਨਾਲ-ਨਾਲ ਨਾ ਸਿਰਫ ਇਹਨਾਂ ਨੇ ਆਰਥਿਕ ਵਿਕਾਸ ਦੀ ਦਰ ਵਿਚ ਹੈਰਾਨੀਜਨਕ ਵਾਧਾ ਕੀਤਾ ਹੈ ਬਲਕਿ ਆਪਸੀ ਮਸਲਿਆਂ ਨੂੰ ਹੱਲ ਕਰਨ ਦੀਆਂ ਸ਼ਾਨਦਾਰ ਅਤੇ ਕਾਮਯਾਬ ਕੋਸ਼ਿਸ਼ਾਂ ਕੀਤੀਆਂ ਹਨ ਜਿਹਨਾਂ ਵਿਚੋਂ ਹੇਠ ਲਿਖੀਆਂ ਮੁੱਖ ਸਮੱਸਿਆਵਾਂ ਹਨ ਜਿਹਨਾਂ ਨੂੰ ਆਸਿਆਨ ਦੇਸ਼ਾਂ ਨੇ 1969 ਤੋਂ ਬਾਅਦ ਆਪਸੀ ਗੱਲਬਾਤ ਰਾਹੀਂ ਸੁਲਝਾਇਆ ਹੈ।

**ਸਰਹੱਦੀ ਝਗੜੇ (Boundary Disputes)**

27 ਅਕਤੂਬਰ 1969 ਇੰਡੋਨੇਸ਼ੀਆ ਅਤੇ ਮਲੇਸ਼ੀਆ ਨੇ ਮਲਾਕਾ ਸਟਰੇਇਟ (strait) ਅਤੇ ਨਾਤੂਨਾ ਟਾਪੂਆਂ ਸਬੰਧੀ ਸਮੁੰਦਰੀ ਸੀਮਾਵਾਂ ਦੇ ਨਿਰਧਾਰਨ ਲਈ ਗੱਲਬਾਤ ਸ਼ੁਰੂ ਕੀਤੀ ਤੇ 21 ਦਸੰਬਰ 1971 ਨੂੰ ਉਹਨਾਂ ਨੇ ਇਸ ਝਗੜੇ ਨੂੰ ਹੱਲ ਕਰਨ ਸਬੰਧੀ ਸੰਧੀ ਤੇ ਦਸਤਖ਼ਤ ਕੀਤੇ।

17 ਦਸੰਬਰ 1971 ਨੂੰ ਇੰਡੋਨੇਸ਼ੀਆ ਅਤੇ ਥਾਈਲੈਂਡ ਨੇ ਮਲਾਕਾ ਸਟਰੇਇਟ ਅਤੇ ਅੰਡੇਮਾਨ ਸਾਗਰ ਵਿਚ ਆਪਸੀ ਗੱਲਬਾਤ ਰਾਹੀਂ ਆਪਣੀਆਂ ਸੀਮਾਵਾਂ ਤੈਅ ਕਰਨ ਲਈ ਦਸੰਬਰ 1975 ਵਿਚ ਇਕ ਸੰਧੀ ਤੇ ਹਸਤਾਖ਼ਰ ਕੀਤੇ।

21 ਦਸੰਬਰ 1971 ਨੂੰ ਇੰਡੋਨੇਸ਼ੀਆ, ਮਲੇਸ਼ੀਆ ਅਤੇ ਥਾਈਲੈਂਡ ਨੇ ਮਲਾਕਾ ਸਟਰੇਇਟ ਵਿਚ ਇਕ ਤ੍ਰੈ-ਪੱਖੀ ਸੰਧੀ ਕਰਕੇ "ਸਾਂਝੇ ਪੁਆਇੰਟਾਂ" (Common Points) ਦੀ ਸਥਾਪਨਾ ਕੀਤੀ।

25 ਮਈ 1973 ਇੰਡੋਨੇਸ਼ੀਆ ਅਤੇ ਸਿੰਗਾਪੁਰ ਵੱਲੋਂ ਸਿੰਗਾਪਰ ਸਟਰੇਇਟ ਵਿਚ ਸੀਮਾਵਾਂ ਨਿਰਧਾਰਿਤ ਕਰਨ ਲਈ ਇਕ ਸੰਧੀ ਤੇ ਹਸਤਾਖ਼ਰ ਕੀਤੇ ਗਏ।

18 ਜੁਲਾਈ 1977 ਨੂੰ ਲਾਓਸ ਅਤੇ ਵੀਅਤਨਾਮ ਨੇ ਜ਼ਮੀਨੀ ਸਰਹੱਦਾਂ ਦੇ ਨਿਰਧਾਰਨ ਲਈ ਇਕ ਸੰਧੀ ਤੇ ਦਸਤਖ਼ਤ ਕੀਤੇ ਤੇ ਮਾਰਚ 1990 ਵਿਚ ਇਸ ਸੰਧੀ ਨੂੰ ਪੂਰਨ ਰੂਪ ਵਿਚ ਲਾਗੂ ਕੀਤਾ ਗਿਆ।

22 ਜੂਨ 1978 ਨੂੰ ਇੰਡੋਨੇਸ਼ੀਆ, ਥਾਈਲੈਂਡ ਅਤੇ ਭਾਰਤ ਵਿਚਕਾਰ ਅੰਡੇਮਾਨ ਸਾਗਰ ਖੇਤਰ ਵਿਚ ਸਮੁੰਦਰੀ ਸੇਵਾਵਾਂ ਨਿਰਧਾਰਿਤ ਕਰਕੇ ਸੰਧੀ ਤੇ ਹਸਤਾਖ਼ਰ ਕੀਤੇ ਗਏ।

21 ਫਰਵਰੀ 1979 ਨੂੰ ਮਲੇਸ਼ੀਆ ਅਤੇ ਥਾਈਲੈਂਡ ਨੇ ਥਾਈਲੈਂਡ ਦੇ ਸਮੁੰਦਰੀਖੇਤਰ ਵਿਚ ਸੀਮਾਵਾਂ ਨਿਰਧਾਰਿ ਕਰਨ ਲਈ 'ਸਹਿਮਤੀ ਘੋਸ਼ਣਾ-ਪੱਤਰ' (Memorandum of Understanding) ਤੇ ਦਸਤਖਤ ਕੀਤੇ ਤੇ 13 ਮਈ 1990 ਨੂੰ ਇਸ ਸੰਧੀ ਨੂੰ ਅੰਤਮ ਰੂਪ ਦੇ ਕੇ ਸੀਮਾਵਾਂ ਦੀ ਸਮੱਸਿਆ ਨੂੰ ਸੁਲਝਾ ਲਿਆ ਗਿਆ।

25 ਜੁਲਾਈ 1980 ਨੂੰ ਮਿਆਂਮਾਰ (ਬਰਮਾ) ਅਤੇ ਥਾਈਲੈਂਡ ਨੇ ਸਮੁੰਦਰੀ ਸੀਮਾਵਾਂ ਦੇ ਨਿਰਧਾਰਨ ਲਈ ਇਕ ਸੰਧੀ ਤੇ ਹਸਤਾਖ਼ਰ ਕੀਤੇ।

7 ਜੁਲਾਈ 1982 ਨੂੰ ਵੀਅਤਨਾਮ ਅਤੇ ਕੰਮਪੂਚੀਆ ਵਿਚਕਾਰ ਇਕ ਇਤਿਹਾਸਕ ਸਮਝੌਤੇ ਤੇ ਦਸਤਖ਼ਤ ਕੀਤੇ ਗਏ। ਇਸ ਤੋਂ ਬਾਅਦ 20 ਜੁਲਾਈ 1983 ਨੂੰ ਫੇਰ ਦੋਹਾਂ ਮੁਲਕਾਂ ਨੇ ਸੀਮਾਵਾਂ ਨੂੰ ਨਿਰਧਾਰਿਤ ਕਰਨ ਲਈ ਗੱਲਬਾਤ ਸ਼ੁਰੂ ਕੀਤੀ ਤੇ 27 ਦਸੰਬਰ 1985 ਨੂੰ ਸੰਧੀ ਤੇ ਦਸਤਖ਼ਤ ਕੀਤੇ।

5 ਜੂਨ 1992 ਨੂੰ ਮਲੇਸ਼ੀਆ ਅਤੇ ਵੀਅਤਨਾਮ ਦੁਆਰਾ ਸਮੁੰਦਰੀ ਸੀਮਾਵਾਂ ਵਿਚਕਾਰ ਆਪਸੀ ਝਗੜਿਆਂ ਦੇ ਹੱਲ ਲੱਭਣ ਲਈ ਗੱਲਬਾਤ ਸ਼ੁਰੂ ਕੀਤੀ ਗਈ।

27 ਅਕਤੂਬਰ 1993 ਨੂੰ ਮਿਆਂਮਾਰ, ਥਾਈਲੈਂਡ ਅਤੇ ਭਾਰਤ ਵਿਚਕਾਰ ਅੰਡੇਮਾਨ ਸਾਗਰ ਵਿਚ "ਤ੍ਰੈ-ਜੰਕਸ਼ਨ ਪੁਆਇੰਟ" ਬਣਾਉਣ ਤੇ ਇਕ ਸੰਧੀ ਤੇ ਹਸਤਾਖ਼ਰ ਕੀਤੇ ਗਏ।

8 ਅਪ੍ਰੈਲ 1994 ਨੂੰ ਲਾਓਸ ਅਤੇ ਮਿਆਂਮਾਰ ਵਿਚਕਾਰ 'ਮੀਕੋਂਗ ਦਰਿਆ' ਦੇ ਨਾਲ-ਨਾਲ ਜ਼ਮੀਨੀ ਹੱਦਾਂ ਦੇ ਨਿਰਧਾਰਨ ਲਈ ਸਮਝੌਤੇ ਤੇ ਸਹਿਮਤੀ ਹੋਈ।

9 ਅਗਸਤ 1997 ਨੂੰ ਥਾਈਲੈਂਡ ਅਤੇ ਵੀਅਤਨਾਮ ਵਿਚਕਾਰ 'ਰਾਖਵੇਂ ਆਰਥਿਕ ਖੇਤਰ' (Exclusive Economic Zone) ਦੇ ਮਸਲੇ ਨੂੰ ਹੱਲ ਕਰਨ ਲਈ ਇਕ ਸਮਝੌਤੇ ਤੇ ਸਹਿਮਤੀ ਹੋਈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਾ ਸਿਰਫ ਆਸਿਆਨ ਦੇਸ਼ਾਂ ਨੇ ਆਪਸੀ ਸਹਿਯੋਗ ਅਤੇ ਰਾਜਨੀਤਿਕ ਗੱਲਬਾਤ ਦੀ ਪ੍ਰਕ੍ਰਿਆ ਅਪਣਾ ਕੇ ਆਪਸੀ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ ਬਲਕਿ ਆਪਸੀ ਰਿਸ਼ਤਿਆਂ ਵਿਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਰੋਸੇ ਅਤੇ ਵਿਸ਼ਵਾਸ ਦਾ ਵਾਤਾਵਰਨ ਵੀ ਤਿਆਰ ਕੀਤਾ ਹੈ।

**ਰਾਜਨੀਤੀ ਦੇ ਖੇਤਰ ਵਿਚ ਪ੍ਰਾਪਤੀਆਂ (Political Achievements)**

ਰਾਜਨੀਤਿਕ ਖੇਤਰ ਵਿਚ ਆਸਿਆਨ ਸੰਗਠਨ ਨੇ ਕਈ ਮਹੱਤਵਪੂਰਨ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਇਹਨਾਂ ਨੇ ਆਪਣਾ ਆਰਥਿਕ ਅਤੇ ਰਾਜਨੀਤਿਕ ਸਹਿਯੋਗ ਦਾ ਸਫ਼ਰ 1967 ਵਿਚ ਸ਼ੁਰੂ ਕੀਤਾ ਸੀ ਤੇ ਆਪਣੇ ਲਗਭਗ 41 ਵਰ੍ਹਿਆਂ ਦੇ ਇਤਿਹਾਸ ਵਿਚ ਇਸ ਖੇਤਰ ਨੂੰ ਸ਼ਾਂਤੀ ਅਤੇ ਸਥਿਰਤਾ ਦੇ ਖੇਤਰ ਵਿਚ ਬਦਲਨ ਲਈ ਇਹਨਾਂ ਦੇਸ਼ਾਂ ਨੇ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਇਸ ਦਿਸ਼ਾ ਵਿਚ ਆਸਿਆਨ ਸੰਗਠਨ ਦੀ ਸਭ ਤੋਂ ਵੱਧ ਮਹੱਤਵਪੂਰਨ ਪ੍ਰਾਪਤੀ 27 ਨਵੰਬਰ 1971 ਨੂੰ ਆਸਿਆਨ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਸਥਾਪਿਤ ਕਰਨ ਲਈ 'ਸ਼ਾਂਤੀ, ਆਜ਼ਾਦੀ ਅਤੇ ਤਟਸੱਥਾ ਘੋਸ਼ਣਾ- ਪੱਤਰ' (Zone of Peace, Freedom & Neutrality-ZOPFAN) ਤੇਦਸਤਖ਼ਤ ਕਰਨਾ ਸੀ। ਇਸ ਘੋਸ਼ਣਾ-ਪੱਤਰ ਵਿਚ ਮੈਂਬਰ ਦੇਸ਼ਾਂ ਨੇ ਇਹ ਵਚਨਬੱਧਤਾ ਜ਼ਾਹਿਰ ਕੀਤੀ ਕਿ ਆਸਿਆਨ ਖੇਤਰ ਨੂੰ ਸ਼ਾਂਤੀ ਅਤੇ ਆਜ਼ਾਦੀ ਦਾ ਖੇਤਰ ਬਣਾਉਣ ਵਿਚ ਸਾਰੇ ਰਾਜ ਮਿਲ ਕੇ ਯਤਨ ਕਰਨਗੇ ਅਤੇ ਕਿਸੇ ਵੀ ਤਰ੍ਹਾਂ ਦੀ ਬਾਹਰੀ ਦਖਲ-ਅੰਦਾਜ਼ੀ ਤੋਂ ਇਸ ਖੇਤਰ ਨੂੰ ਮੁਕਤ ਰੱਖਿਆ ਜਾਵੇਗਾ। ਇਸ ਤੋਂ ਬਾਅਦ ਆਸਿਆਨ ਸੰਗਠਨ ਨੇ ਬਾਲੀ ਸੰਮੇਲਨ ਦੌਰਾਨ 'ਆਸਿਆਨ ਤਾਲਮੇਲ ਘੋਸ਼ਣਾ-ਪੱਤਰ' (Declaration of ASEAN Concord), 'ਆਪਸੀ ਮਿੱਤਰਤਾ ਅਤੇ ਸਹਿਯੋਗ ਸੰਧੀ' (Treaty of Amity and Cooperation) ਅਤੇ ਆਸਿਆਨ ਦਾ ਪੱਕਾ ਸਕੱਤਰੇਤ ਬਣਾਉਣ ਸਬੰਧੀ ਮਹੱਤਵਪੂਰਨ ਸੰਧੀਆਂ ਤੇ ਦਸਤਖ਼ਤ ਕੀਤੇ। ਇਹਨਾਂ ਦੋਹਾਂ ਸੰਧੀਆਂ ਵਿਚ ਮੈਂਬਰ ਦੇਸ਼ਾਂ ਦੇ ਵਿਚਕਾਰ ਆਪਸੀ ਆਰਥਿਕ, ਸਮਾਜਿਕ, ਰਾਜਨੀਤਿਕ, ਕਾਨੂੰਨੀ ਮਸਲਿਆਂ ਦਾ ਹੱਲ ਲੱਭਣਾ, ਇਕ ਦੂਜੇ ਦੀ ਪ੍ਰਭੂਸੱਤਾ ਦਾ ਆਦਰ ਕਰਨਾ, ਝਗੜਿਆਂ ਦਾ ਸ਼ਾਂਤੀਪੂਰਨ ਹੱਲ ਲੱਭਣਾ, ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਾ ਕਰਨਾ ਅਤੇ ਆਪਸੀ ਸਹਿਯੋਗ ਆਦਿ ਮਹੱਤਵਪੂਰਨ ਗੱਲਾਂ ਸ਼ਾਮਿਲ ਸਨ।

15 ਨਵੰਬਰ 1995 ਦੇ ਬੈਂਕਾਕ ਸੰਮੇਲਨ ਵਿਚ ਦਸਾਂ ਰਾਜਾਂ ਦੇ ਨੇਤਾਵਾਂ ਨੇ ਆਸਿਆਨ ਖੇਤਰ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਖੇਤਰ ਬਣਾਉਣ ਲਈ 'ਪ੍ਰਮਾਣੂ ਹਥਿਆਰਾਂ ਤੋਂ ਮੁਕਤ ਦੱਖਣੀ-ਪੂਰਬੀ ਏਸ਼ੀਆਈ ਖੇਤਰ' (Treaty on the

Southeast Asia Nuclear Weapon Free Zone-SEANWFZ) ਸੰਧੀ ਤੇ ਹਸਤਾਖ਼ਰ ਕੀਤੇ। ਇਹ ਸੰਧੀ 27 ਮਾਰਚ 1997 ਨੂੰ ਹੋਂਦ ਵਿਚ ਆਈ।

ਆਸਿਆਨ ਸੰਗਠਨ ਦੀ ਸ਼ਾਂਤੀ ਅਤੇ ਸਥਿਰਤਾ ਬਹਾਲ ਰੱਖਣ ਦੇ ਖੇਤਰ ਵਿਚ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਕੰਬੋਡੀਆ ਮਸਲੇ ਦਾ ਹੱਲ ਲੱਭਣਾ ਸੀ। ਇੰਡੋਨੇਸ਼ੀਆ ਦੀ ਪਹਿਲ ਤੇ ਕੰਬੋਡੀਆ ਦੇ ਸਾਰੇ ਗਰੁੱਪਾਂ, ਜੋ ਕਿ ਆਪਸ ਵਿਚ ਲੜਦੇ ਰਹਿੰਦੇ ਸਨ, ਨੂੰ ਇਕੱਠਾ ਕਰਕੇ ਉਹਨਾਂ ਦੀ ਮੀਟਿੰਗ ਬੁਲਾਈ ਗਈ। ਇਸ ਵਿਚ ਸੰਯੁਕਤ ਰਾਸ਼ਟਰ ਸੰਘ ਅਤੇ 19 ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧੀ ਸ਼ਾਮਿਲ ਹੋਏ ਅਤੇ ਅਖੀਰ ਵਿਚ 23 ਅਕਤੂਬਰ 1991 ਨੂੰ 'ਪੈਰਿਸ ਕਾਨਫਰੰਸ' ਵਿਚ ਇਕ ਇਤਿਹਾਸਕ ਸਮਝੌਤਾ ਕੀਤਾ ਗਿਆ ਤੇ ਕੰਬੋਡੀਆ ਵਿਚ 'ਸਰਵ-ਉੱਚ ਰਾਸ਼ਟਰੀ ਪਰਿਸ਼ਦ' (Combodia Supreme National Council) ਬਣਾ ਕੇ ਸਰਕਾਰ ਦੀ ਸਥਾਪਨਾ ਕੀਤੀ ਗਈ। 30 ਅਪ੍ਰੈਲ 1999 ਨੂੰ ਕੰਬੋਡੀਆ ਨੂੰ ਆਸਿਆਨ ਦੀ ਪੱਕੀ ਸੱਦਸਤਾ ਪ੍ਰਦਾਨ ਕੀਤੀ ਗਈ।

**ਆਰਥਿਕ ਖੇਤਰ ਵਿਚ ਪ੍ਰਾਪਤੀਆਂ (Economic Achievements)**

ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਆਸਿਆਨ ਨੇਤਾਵਾਂ ਨੇ ਦੂਜੇ ਹੀ ਚੋਟੀ ਸੰਮੇਲਨ ਵਿਚ ਇਹ ਤੈਅ ਕਰ ਲਿਆ ਸੀ ਕਿ ਆਸਿਆਨ ਦਾ ਬਾਹਰੀ ਦੇਸ਼ਾਂ ਨਾਲ ਸਹਿਯੋਗ ਅਤੇ ਮਿਲਵਰਤਨ ਤੋਂ ਬਗ਼ੈਰ ਵਿਕਾਸ ਨਹੀਂ ਹੋ ਸਕਦਾ। ਇਸ ਲਈ ਉਹਨਾਂ ਨੇ ਗ਼ੈਰ-ਆਸਿਆਨ ਦੇਸ਼ਾਂ ਨਾਲ ਗੱਲਬਾਤ ਰਾਹੀਂ (Dialogue Partners) ਸਹਿਯੋਗ ਵਧਾਉਣ ਤੇ ਜ਼ੋਰ ਦਿੱਤਾ ਤੇ ਆਸਟ੍ਰੇਲੀਆ, ਕਨਾਡਾ, ਯੂਰਪੀ ਯੂਨੀਅਨ, ਜਾਪਾਨ, ਨਿਊਜ਼ੀਲੈਂਡ ਅਤੇ ਅਮਰੀਕਾ ਨਾਲ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕੀਤਾ। ਇਹਨਾਂ ਦੇਸ਼ਾਂ ਨੂੰ ਸੰਵਾਦ ਸਹਿਭਾਗੀ ਦੇਸ਼ ਬਣਾਇਆ ਗਿਆ। ਬਾਅਦ ਵਿਚ ਕੋਰੀਆ ਮਲੇਸ਼ੀਆ ਅਤੇ ਭਾਰਤ ਨੇ ਸੁਰੱਖਿਆ ਸਹਿਯੋਗ ਸਬੰਧੀ ਕਈ ਸਮਝੌਤਿਆਂ ਤੇ ਹਸਤਾਖ਼ਰ ਕੀਤੇ ਹਨ। ਭਾਰਤ ਨੇ ਮਲੇਸ਼ੀਆ ਦੇ ਹਵਾਈ ਸੈਨਾ ਦੇ ਪਾਇਲਟਾਂ ਨੂੰ ਸਿਖਲਾਈ ਦੇਣ ਲਈ ਸਮਝੌਤਿਆਂ ਤੇ ਵੀ ਹਸਤਾਖ਼ਰ ਕੀਤੇ ਹਨ। ਭਾਰਤ ਨੇ ਮਲੇਸ਼ੀਆ ਦੇ ਜਲ ਸੈਨਾ ਕਮਾਂਡੋ ਨੂੰ ਕਈ ਵਾਰ ਸਿਖਲਾਈ ਦਿੱਤੀ ਹੈ। ਇਸ ਤੋਂ ਇਲਾਵਾ ਭਾਰਤ ਅਤੇ ਸਿੰਗਾਪੁਰ ਨੇ 1996 ਤੋਂ ਬਾਅਦ ਜਲ ਸੈਨਾਵਾਂ ਦੇ ਸਬੰਧ ਵਿਚ ਸਹਿਯੋਗ ਨੂੰ ਕਾਫੀ ਮਜ਼ਬੂਤ ਕੀਤਾ ਹੈ। ਥਾਈਲੈਂਡ ਅਤੇ ਵੀਅਤਨਾਮ ਨੇ ਵੀ ਭਾਰਤ ਦੀ ਜਲ ਸੈਨਾ ਨਾਲ ਮਿਲ ਕੇ ਸਮੁੰਦਰੀ ਖੇਤਰਾਂ ਵਿਚ ਸੁਰੱਖਿਆ ਨੂੰ ਵਧਾਉਣ ਲਈ ਯਤਨ ਕੀਤੇ। ਭਾਰਤ ਨੇ ਗੁਆਂਢੀ ਦੇਸ਼ਾਂ ਤੇ ਆਸਿਆਨ ਦੇਸ਼ਾਂ ਨਾਲ ਆਪਣੇ ਸਬੰਧ ਮਜ਼ਬੂਤ ਕਰਨ ਇਕ 'ਮਿਲਾਨ' (MILAN) ਨਾਂ ਦੀ ਸੰਸਥਾ ਬਣਾਈ ਹੈ। ਇਸ ਵਿਚ ਭਾਰਤ, ਬੰਗਲਾਦੇਸ਼, ਸ੍ਰੀ ਲੰਕਾ, ਇੰਡੋਨੇਸ਼ੀਆ, ਮਲੇਸ਼ੀਆ, ਸਿੰਗਾਪੁਰ ਅਤੇ ਥਾਈਲੈਂਡ ਆਦਿ ਸ਼ਾਮਿਲ ਹਨ। ਇਸ ਨੇ ਆਪਣਾ ਕੰਮ 1995 ਤੋਂ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਦਾ ਮੁੱਖ ਕੰਮ ਜਲ ਸੈਨਾਵਾਂ ਸਬੰਧੀ ਸਹਿਯੋਗ ਨੂੰ ਵਧਾਉਣਾ ਹੈ।

9/11 ਦੀ ਘਟਨਾ ਤੋਂ ਬਾਅਦ ਭਾਰਤ ਨੇ ਇਹਨਾਂ ਦੇਸ਼ਾਂ ਨਾਲ ਮਿਲ ਕੇ ਅੰਡੇਮਾਨ ਸਾਗਰ ਖੇਤਰ ਵਿਚ ਇਕੱਠੀ ਗਸ਼ਤ ਨੂੰ ਤੇਜ਼ ਕੀਤਾ ਹੈ। ਭਾਰਤ ਤੇ ਇੰਡੋਨੇਸ਼ੀਆ ਨੇ ਮਲਾਕਾ ਅਤੇ ਹੋਰ ਮਹੱਤਵਪੂਰਨ ਸਮੁੰਦਰੀ ਰਸਤਿਆਂ, ਜੋ ਦੱਖਣੀ-ਪੂਰਬੀ ਦੇਸ਼ਾਂ ਨਾਲ ਲੱਗਦੀਆਂ ਹਨ, ਵਿਚ ਵੀ ਇਕੱਠੀ ਗਸ਼ਤ ਤੇਜ਼ ਕੀਤੀ ਹੈ। ਇਸ ਤੋਂ ਇਲਾਵਾ ਭਾਰਤ ਤੇ ਫਿਲੀਪੀਂਸ ਨੇ ਵੀ ਸੁਰੱਖਿਆ ਦੇ ਖੇਤਰ ਵਿਚ ਕਾਫੀ ਸਹਿਯੋਗ ਵਧਾਇਆ ਹੈ।

ਭਾਰਤ ਤੇ ਆਸਿਆਨ ਦੇਸ਼ਾਂ ਦਾ ਸੰਮੇਲਨ ਨਵੰਬਰ 2002 ਵਿਚ ਕੰਬੋਡੀਆ ਵਿਚ ਹੋਇਆ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਇਸ ਸੰਮੇਲਨ ਵਿਚ ਹਿੱਸਾ ਲਿਆ ਅਤੇ ਕਰ-ਮੁਕਤ ਵਪਾਰ ਸਮਝੌਤਾ ਕਰਨ ਤੇ ਜ਼ੋਰ ਦਿੱਤਾ। ਭਾਰਤ ਨੇ ਅੱਤਵਾਦ ਨੂੰ ਖਤਮ ਕਰਨ ਲਈ ਦੱਖਣੀ ਪੂਰਬੀ ਦੇਸ਼ਾਂ ਨਾਲ ਮਿਲ ਕੇ ਸਹਿਯੋਗ ਵਧਾਉਣ ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਭਾਰਤ ਨੇ ਆਸਟ੍ਰੇਲੀਆ, ਦੱਖਣੀ ਕੋਰੀਆ, ਚੀਨ, ਜਾਪਾਨ ਆਦਿ ਦੇਸ਼ਾਂ ਨਾਲ ਸਹਿਯੋਗ ਵਧਾਉਣ ਤੇ ਵੀ ਜ਼ੋਰ ਦਿੱਤਾ। ਜੋ ਕਿ ਭਾਰਤ ਦੀ ਲੁਕ ਈਸਟ ਪਾਲਿਸੀ ਦੇ ਦੂਜੇ ਪੜਾਅ ਦਾ ਮੁੱਖ ਮੰਤਵ ਹੈ। ਭਾਰਤ ਦੇ ਪ੍ਰਧਾਨ ਮੰਤਰੀ ਤੇ ਆਸਿਆਨ ਦੇਸ਼ਾਂ ਦੇ ਮੰਤਰੀਆਂ ਨੇ ਆਸਿਆਨ ਅਤੇ ਭਾਰਤ ਦੇ ਦੂਜੇ ਸੰਮੇਲਨ, ਜੋ 8 ਅਕਤੂਬਰ 2003 ਨੂੰ ਹੋਇਆ, ਵਿਚ ਅੱਤਵਾਦ ਨੂੰ ਖਤਮ ਕਰਨ ਲਈ ਇਕ ਅਹਿਮ ਸਮਝੌਤੇ ਤੇ ਦਸਤਖ਼ਤ ਕੀਤੇ। ਇਸ ਸਮਝੌਤੇ ਦੇ ਮੁੱਖ ਉਦੇਸ਼ ਸਮੁੰਦਰੀ ਖੇਤਰਾਂ ਵਿਚ ਗਸ਼ਤ ਵਧਾਉਣਾ ਅਤੇ ਸੂਚਨਾ ਦਾ ਆਦਾਨ-ਪ੍ਰਦਾਨ ਕਰਨਾ ਆਦਿ ਸਨ। ਇਸ ਤੋਂ ਬਾਅਦ ਭਾਰਤ ਅਤੇ ਆਸਿਆਨ ਦੇ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ।

ਪਾਠ ਨੰ. 2.2

ਲੇਖਕ : ਡਾ. ਕਮਲ ਕਿੰਗਰ

# ਸੰਘਾਈ ਸਹਿਯੋਗ ਸੰਗਠਨ
# (Shanghai Cooperation Organisation - S.C.O)

## ਜਾਣ ਪਛਾਣ (Introduction)

ਸੰਘਾਈ ਸਹਿਯੋਗ ਸੰਗਠਨ, ਇਕ ਅੰਤਰ-ਰਾਜੀ (Inter-governmental) ਆਪਸੀ ਸੁਰੱਖਿਆ ਅਤੇ ਸਹਿਯੋਗ ਲਈ ਬਣਿਆ ਸੰਗਠਨ ਹੈ, ਜਿਸ ਦੀ ਸਥਾਪਨਾ ਸਾਲ 2007 ਵਿਚ ਚੀਨ, ਕਜ਼ਾਖ਼ਸਤਾਨ, ਕਿਰਗਿਜ਼ਸਤਾਨ, ਰੂਸ, ਤਾਜਿਕਿਸਤਾਨ ਅਤੇ ਉਜਬੇਕਿਸਤਾਨ ਦੇ ਮੁਖੀਆਂ ਨੇ ਮਿਲਕੇ ਕੀਤੀ ਸੀ। ਇਸ ਤੋਂ ਪਹਿਲਾਂ ਉਜਬੇਕਿਸਤਾਨ ਨੂੰ ਛੱਡ ਕੇ ਬਾਕੀ ਦੇ ਰਾਜਾਂ ਨੇ ਮਿਲਕੇ 1996 ਵਿਚ ਇਕ ਸੰਗਠਨ ਬਣਾਇਆ ਸੀ ਜਿਸ ਨੂੰ ਸੰਘਾਈ-5 (Shanghai Five) ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪਰ 15 ਜੂਨ 2001 ਵਿਚ ਉਜਬੇਕਿਸਤਾਨ ਦੇ ਇਸ ਸੰਗਠਨ ਵਿਚ ਸ਼ਾਮਿਲ ਹੋਣ ਨਾਲ ਇਸ ਦਾ ਨਾਂ ਬਦਲ ਕੇ ਸੰਘਾਈ ਸਹਿਯੋਗ ਸੰਗਠਨ (Shanghai Cooperation Organisation) ਕਰ ਦਿੱਤਾ ਗਿਆ।

ਸੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਰਾਜਾਂ ਦਾ ਕੁਲ ਖੇਤਰਫਲ 30 ਮਿਲੀਅਨ ਕਿਲੋਮੀਟਰ ਦੇ ਲਗਭਗ ਹੈ, ਇਸਦਾ 3/5 ਹਿੱਸਾ ਯੂਰੇਸ਼ੀਆ (Eurasia) ਵਿਚ ਆਉਂਦਾ ਹੈ ਅਤੇ ਇਸ ਦੀ ਆਬਾਦੀ 1.455 ਬਿਲੀਅਨ ਦੇ ਲਗਭਗ ਹੈ। ਜੋ ਕਿ ਵਿਸ਼ਵ ਦੀ ਆਬਾਦੀ ਦੇ ਚੌਥਾ ਹਿੱਸੇ ਦੇ ਬਰਾਬਰ ਹੈ। ਸੰਘਾਈ ਸਹਿਯੋਗ ਸੰਗਠਨ ਦੀਆਂ ਕੰਮ ਕਾਜ ਲਈ ਦੋ ਭਾਸ਼ਾਵਾਂ ਚੀਨੀ ਅਤੇ ਰੂਸੀ ਹਨ।

## ਪਿਛੋਕੜ (Background)

ਜਿਵੇਂ ਕਿ ਪਹਿਲਾਂ ਹੀ ਦਸਿਆ ਗਿਆ ਹੈ ਕਿ ਸੰਘਾਈ-5 ਦੀ ਸਥਾਪਨਾ 26 ਅਪ੍ਰੈਲ 1996 ਵਿਚ ਪੰਜ ਦੇਸ਼ਾਂ ਦੁਆਰਾ ਇਕ ਸੰਧੀ ਤੇ ਦਸਤਖ਼ਤ ਕਰਨ ਦੇ ਨਾਲ ਹੀ ਹੋਈ ਸੀ ਜਿਸ ਦਾ ਨਾਂ 'ਸਰਹੱਦੀ ਇਲਾਕਿਆਂ ਵਿਚ ਸੈਨਿਕ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਸੰਧੀ' (Treaty on Deepening Military Trust in Border Regions) ਸੀ। ਇਸ ਸੰਧੀ ਦਾ ਮੁੱਖ ਮਕਸਦ ਮੈਂਬਰ ਦੇਸ਼ਾਂ ਵਿਚ ਸੁਰੱਖਿਆ ਸਬੰਧੀ ਖਤਰਿਆਂ ਨੂੰ ਆਪਸੀ ਸਹਿਯੋਗ ਅਤੇ ਵਿਸ਼ਵਾਸ ਨਾਲ ਮਿਲਕੇ ਨਜਿੱਠਣਾ ਸੀ। 24 ਅਪ੍ਰੈਲ 1997 ਨੂੰ ਇਹਨਾ ਪੰਜਾਂ ਦੇਸ਼ਾਂ ਦੁਆਰਾ ਮਿਲਕੇ ਇਕ ਹੋਰ ਸੰਧੀ 'ਸਰਹੱਦੀ ਇਲਾਕਿਆਂ ਵਿਚ ਸੈਨਿਕਾਂ ਦੀ ਸੰਖਿਆ ਵਿਚ ਕਟੌਤੀ' (Treaty on Reduction of Military Forces in Border Regions) ਤੇ ਮਾਸਕੋ ਵਿਖੇ ਦਸਤਖ਼ਤ ਕੀਤੇ ਸਨ। ਇਸ ਤੋਂ ਬਾਅਦ ਸੰਘਾਈ-5 ਦੀਆਂ ਸਲਾਨਾ ਮੀਟਿੰਗ ਅਲਮਾਟੀ (ਕਜਾਖ਼ਸਤਾਨ) 1998, ਬਿਸ਼ਕੈਕ (ਕਿਰਜਿਗਸਤਾਨ) 1999 ਅਤੇ ਦੁਸ਼ਾਂਬੇ (ਤਾਜਿਕਿਸਤਾਨ) 2000 ਵਿਚ ਹੋਈਆਂ ਸਨ।

ਸਾਲ 2001 ਵਿਚ ਸੰਘਾਈ (ਚੀਨ) ਵਿਚ ਹੋਣ ਵਾਲੀ ਸਾਲਾਨਾ ਬੈਠਕ ਵਿਚ ਉਜਬੇਕਿਸਤਾਨ ਨੂੰ ਸ਼ਾਮਿਲ ਕੀਤਾ ਗਿਆ। ਜਿਸ ਨਾਲ ਮੈਂਬਰ ਦੇਸ਼ਾਂ ਦੀ ਗਿਣਤੀ ਵੱਧ ਕੇ ਛੇ ਹੋ ਗਈ। ਇਸ ਤੋਂ ਬਾਅਦ ਛੇ ਰਾਜਾਂ ਦੇ ਮੁੱਖੀਆਂ ਨੇ ਮਿਲ ਕੇ 15 ਜੂਨ 2001 ਨੂੰ ਸੰਘਾਈ ਸਹਿਯੋਗ ਸੰਗਠਨ ਦੇ ਘੋਸ਼ਣਾ ਪੱਤਰ ਤੇ ਦਸਤਖ਼ਤ ਕੀਤੇ ਅਤੇ ਸੰਘਾਈ ਸਹਿਯੋਗ ਸੰਗਠਨ ਵਲੋਂ ਸੰਘਾਈ-5 ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਆਪਸੀ ਸਹਿਯੋਗ ਨਾਲ ਇਸ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਦਾ ਟੀਚਾ ਮਿਥਿਆ ਗਿਆ। ਇਸ ਤੋਂ ਬਾਅਦ ਜੁਲਾਈ 2001 ਵਿਚ ਰੂਸ ਅਤੇ ਚੀਨ ਨੇ ਇਕ ਹੋਰ ਸੰਧੀ 'ਚੰਗੇ ਦੋਸਤਾਨਾ ਸਬੰਧ ਅਤੇ ਲਚਕਦਾਰ ਸਹਿਯੋਗ ਸੰਧੀ' (Treaty on Good Neighbourliness and Friendly Cooperation' ਤੇ ਵੀ ਦਸਤਖ਼ਤ ਕੀਤੇ ਗਏ।

**ਸੰਘਾਈ ਸਹਿਯੋਗ ਸੰਗਠਨ ਦੇ ਉਦੇਸ਼ ਅਤੇ ਸਿਧਾਂਤ (Objective and Principles of S.C.O)**

ਜੂਨ 2002 ਵਿਚ ਮੈਂਬਰ ਦੇਸ਼ਾਂ ਦੇ ਮੁਖੀ ਸੇਂਟ ਪੀਟਰਸਬਰਗ ਵਿਚ ਮਿਲੇ ਜਿਥੇ ਉਹਨਾਂ ਨੇ ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਦੇ ਦਸਤਖ਼ਤ ਕੀਤੇ। ਇਸ ਚਾਰਟਰ ਵਿਚ ਸੰਘਾਈ ਸਹਿਯੋਗ ਸੰਗਠਨ ਦੇ ਉਦੇਸ਼ਾਂ ਅਤੇ ਸਿਧਾਂਤਾ, ਸੰਗਠਨ ਅਤੇ ਢਾਂਚੇ, ਕੰਮ-ਕਾਜ ਦੇ ਤਰੀਕਿਆਂ, ਆਪਸੀ ਰਿਸ਼ਤੇ ਅਤੇ ਸਹਿਯੋਗ ਅਤੇ ਬਾਹਰੀ ਦੇਸ਼ਾਂ ਨਾਲ ਰਿਸ਼ਤਿਆਂ ਅਤੇ ਸੰਘਾਈ ਸਹਿਯੋਗ ਸੰਗਠਨ ਨੂੰ ਇਕ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਸੰਗਠਨ ਬਣਾਉਣ ਬਾਰੇ ਵਿਚਾਰ ਕੀਤਾ ਤੇ ਚਾਰਟਰ ਤੇ ਦਸਤਖ਼ਤ ਕੀਤੇ। ਇਸ ਚਾਰਟਰ ਅਨੁਸਾਰ ਸੰਘਾਈ ਸਹਿਯੋਗ ਸੰਗਠਨ ਦੇ ਹੇਠ ਲਿਖੇ ਉਦੇਸ਼ ਸਨ:

1. ਮੈਂਬਰ ਦੇਸ਼ਾਂ ਵਿਚ ਆਪਸੀ ਵਿਸ਼ਵਾਸ ਨੂੰ ਮਜਬੂਤ ਕਰਨਾ, ਚੰਗੇ ਗਵਾਂਢੀਆਂ ਵਾਲੇ ਰਿਸ਼ਤੇ ਕਾਇਮ ਕਰਨਾ ਅਤੇ ਦੋਸਤੀ ਨੂੰ ਮਜਬੂਤ ਕਰਨਾ;
2. ਮੈਂਬਰ ਦੇਸ਼ਾਂ ਦੇ ਰਾਜਨੀਤਿਕ ਮਾਮਲਿਆਂ ਵਿਚ ਸਹਿਯੋਗ ਕਰਨਾ, ਆਰਥਿਕਤਾ ਅਤੇ ਵਪਾਰ, ਵਿਗਿਆਨ ਅਤੇ ਤਕਨੀਕ, ਸੰਸਕ੍ਰਿਤਿਕ ਮਾਮਲਿਆਂ, ਸਿੱਖਿਆ, ਊਰਜਾ, ਆਵਾਜਾਈ, ਵਾਤਾਵਰਣ ਦੀ ਸੁਰੱਖਿਆ ਅਤੇ ਹੋਰਨਾ ਖੇਤਰਾਂ ਵਿਚ ਅਸਰਦਾਰ ਸਹਿਯੋਗ ਕਾਇਮ ਕਰਨਾ;
3. ਖੇਤਰੀ ਸ਼ਾਂਤੀ ਅਤੇ ਸਥਿਰਤਾ ਸਥਾਪਿਤ ਕਰਨ ਲਈ ਮਿਲ ਕੇ ਕੰਮ ਕਰਨਾ; ਅਤੇ
4. ਨਵੇਂ ਅੰਤਰਰਾਸ਼ਟਰੀ ਰਾਜਨੀਤਿਕ ਅਤੇ ਆਰਥਿਕ ਸਿਸਟਮ, ਜਿਸ ਵਿਚ ਲੋਕਤੰਤਰ, ਨਿਆਂ ਅਤੇ ਤਰਕ ਸੰਗਤਾ ਹੋਵੇ, ਦੀ ਸਥਾਪਨਾ ਕਰਨਾ ਤੇ ਵਧਾਵਾ ਦੇਣਾ।

ਇਸ ਤੋਂ ਇਲਾਵਾ ਸੰਘਾਈ ਸਹਿਯੋਗ ਸੰਗਠਨ ਦੇ ਹੇਠ ਲਿਖੇ ਕੁਝ ਮੁਢਲੇ ਸਿਧਾਂਤ ਹਨ।

1. ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਤਾਂ ਅਨੁਸਾਰ ਕੰਮ ਕਰਨਾ;
2. ਇਕ ਦੂਜੇ ਦੀ ਆਜਾਦੀ, ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨਾ;
3. ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜੀ ਨਾ ਕਰਨਾ;
4. ਇਕ ਦੂਜੇ ਵਿਰੁੱਧ ਤਾਕਤ ਦਾ ਇਸਤੇਮਾਲ ਜਾਂ ਧਮਕੀ ਨਾ ਦੇਣਾ;
5. ਸਾਰੇ ਮੈਂਬਰ ਦੇਸ਼ਾਂ ਨੂੰ ਬਰਾਬਰ ਦਰਜਾ ਦੇਣਾ;
6. ਆਪਸੀ ਵਿਵਾਦਾਂ ਦਾ ਗਲਬਾਤ ਰਾਹੀਂ ਹੱਲ ਕਢਣਾ;
7. ਕਿਸੇ ਹੋਰ ਦੇਸ਼ ਜਾਂ ਸੰਗਠਨ ਵਿਰੁੱਧ ਕੰਮ ਨਾ ਕਰਨਾ ਅਤੇ ਗੁੱਟ ਨਿਰਪੇਖ ਰਹਿਣਾ;
8. ਬਾਹਰੀ ਦੇਸ਼ਾਂ ਨਾਲ ਰਿਸ਼ਤੇ ਕਾਇਮ ਕਰਨਾ ਅਤੇ ਹਰ ਤਰਾਂ ਦਾ ਸਹਿਯੋਗ ਕਾਇਮ ਕਰਨਾ; ਅਤੇ
9. ਹੋਰਨਾਂ ਦੇਸ਼ਾਂ, ਅੰਤਰਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਨਾਲ ਸਹਿਯੋਗ ਅਤੇ ਸਾਂਝ ਵਧਾਉਣਾ।

**ਸੰਗਠਨਾਤਮਕ ਢਾਂਚਾ (Organisational Structure)**

ਸੰਘਾਈ ਸਹਿਯੋਗ ਸੰਗਠਨ ਨੇ ਇਸ ਤੋਂ ਬਾਅਦ ਸੰਯੁਕਤ ਰਾਸ਼ਟਰ ਸੰਘ ਨਾਲ ਰਿਸ਼ਤੇ ਕਾਇਮ ਕੀਤੇ ਹਨ ਤੇ ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ, ਯੂਰਪੀ ਭਾਈਚਾਰੇ, ਆਸਿਆਨ, ਆਜ਼ਾਦ ਦੇਸ਼ਾਂ ਦੇ ਕਾਮਨਵੈਲਥ (CIS), ਅਤੇ ਇਸਲਾਮਿਕ ਕਾਨਫਰੰਸ ਸੰਗਠਨ ਵਿਚ ਪ੍ਰੇਖਕ (Observer) ਦਾ ਰੁਤਬਾ ਹਾਸਿਲ ਕੀਤਾ ਹੈ। ਸੰਘਾਈ ਸਹਿਯੋਗ ਸੰਗਠਨ ਦਾ ਸੰਗਠਨਾਤਮਕ ਢਾਂਚਾ ਹੇਠ ਲਿਖੇ ਅਨੁਸਾਰ ਹੈ।

ਸੰਘਾਈ ਸਹਿਯੋਗ ਸੰਗਠਨ ਦੇ ਸ਼ਿਖਰ ਸੰਮੇਲਨ ਅਤੇ ਸਥਾਈ ਅੰਗਾਂ ਦਾ ਕੰਮ ਕਾਜ ਹੇਠ ਲਿਖੇ ਅਨੁਸਾਰ ਹੈ :-

**1. ਰਾਜਾਂ ਦੇ ਮੁੱਖੀਆਂ ਦੀ ਕਾਂਉਸਲ –** ਰਾਜਾਂ ਦੇ ਮੁਖੀਆਂ ਦੀ ਕਾਂਉਸਲ ਸੰਘਾਈ ਸਹਿਯੋਗ ਸੰਗਠਨ ਦੇ ਸਰਵ-ਉੱਚ ਫੈਸਲੇ ਲੈਣ ਵਾਲਾ ਅੰਗ ਹੈ। ਇਹ ਕਾਂਉਸਲ ਸੰਘਾਈ ਸਹਿਯੋਗ ਸੰਗਠਨ ਦੇ ਸ਼ਿਖਰ ਸੰਮੇਲਨ ਦੌਰਾਨ ਮਿਲਦੀ ਹੈ ਜੋ ਕਿ ਹਰ ਸਾਲ ਮੈਂਬਰ ਦੇਸ਼ ਦੀ ਰਾਜਧਾਨੀ ਵਿਚ ਕਾਰਵਾਈ ਜਾਂਦੀ ਹੈ।

**2. ਸਰਕਾਰਾਂ ਦੇ ਮੁਖੀਆਂ ਦੀ ਕਾਂਉਸਲ –** ਸਰਕਾਰਾਂ ਦੀ ਮੁੱਖੀਆਂ ਦੀ ਕਾਂਉਸਲ ਸੰਘਾਈ ਸਹਿਯੋਗ ਸੰਗਠਨ ਦੀ ਦੂਜੀ ਉੱਚ ਕਾਂਉਸਲ ਹੈ। ਇਸ ਕਾਂਉਸਲ ਦੀ ਸਲਾਨਾ ਬੈਠਕ ਹੁੰਦੀ ਹੈ ਜਿਸ ਵਿਚ ਰਾਜਾਂ ਵਿਚਕਾਰ ਆਪਸੀ ਸਹਿਯੋਗ ਦੇ ਮੁੱਦਿਆਂ ਤੇ ਚਰਚਾ ਕੀਤੀ ਜਾਂਦੀ ਹੈ। ਇਹ ਕਾਂਉਸਲ ਸੰਗਠਨ ਦਾ ਬਜਟ ਵੀ ਪਾਸ ਕਰਦੀ ਹੈ।

ਇਸ ਦੇ ਮੁੱਖ ਕੰਮ ਹੇਠ ਲਿਖੇ ਹਨ :-

(ੳ) ਸੰਘਾਈ ਸਹਿਯੋਗ ਸੰਗਠਨ ਦੀ ਗਤੀਵਿਧੀਆਂ ਲਈ ਤਰਜੀਹ ਅਨੁਸਾਰ ਖੇਤਰਾਂ ਦੀ ਪਹਿਚਾਣ ਕਰਨੀ;
(ਅ) ਸੰਘਾਈ ਸਹਿਯੋਗ ਸੰਗਠਨ ਦੇ ਅੰਦਰੂਨੀ ਢਾਂਚੇ ਅਨੁਸਾਰ ਮਾਮਲਿਆਂ ਦਾ ਨਿਰਧਾਰਣ ਕਰਨਾ;
(ੲ) ਸੰਘਾਈ ਸਹਿਯੋਗ ਸੰਗਠਨ ਦੇ ਉਦੇਸ਼ਾਂ ਅਤੇ ਸਿਧਾਤਾਂ ਅਨੁਸਾਰ ਹੋਰਨਾ ਦੇਸ਼ਾ ਅਤੇ ਸੰਗਠਨਾਂ ਨਾਲ ਸੰਬਧਾਂ ਤੇ ਵਿਚਾਰ ਕਰਨਾ ਅਤੇ,
(ਸ) ਅੰਤਰਰਾਸ਼ਟਰੀ ਮੁੱਦਿਆਂ ਦੀ ਪੜਚੋਲ ਕਰਨੀ।

3. **ਰਾਜਾਂ ਦੇ ਵਿਦੇਸ਼ ਮੰਤਰੀਆਂ ਦੀ ਕਾਂਉਸਲ –** ਇਹ ਕਾਂਉਸਲ ਨਿਯਮਤ ਤੌਰ ਤੇ ਮੀਟਿੰਗ ਕਰਦੀ ਹੈ ਜਿਸ ਵਿਚ ਮੌਜੂਦਾ ਅੰਤਰਰਾਸ਼ਟਰੀ ਸਥਿਤੀ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਸੰਘਾਈ ਸਹਿਯੋਗ ਸੰਗਠਨ ਦੇ ਹੋਰਨਾਂ ਅੰਤਰਰਾਸ਼ਟਰੀ ਸੰਗਠਨਾਂ ਨਾਲ ਸੰਬਧਾਂ ਤੇ ਵਿਚਾਰ ਕੀਤਾ ਜਾਂਦਾ ਹੈ।

4. **ਰਾਸ਼ਟਰੀ ਕੋਆਰਡੀਨੇਟਰਾਂ ਦੀ ਕਾਂਉਸਲ –** ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਰਾਸ਼ਟਰੀ ਕੋਆਰਡੀਨੇਟਰਾਂ ਦੀ ਕਾਂਉਸਲ ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਅਨੁਸਾਰ ਮੈਂਬਰ ਦੇਸ਼ਾਂ ਵਿਚਕਾਰ ਬਹੁਪੱਖੀ ਸਹਿਯੋਗ ਵਧਾਉਣ ਲਈ ਕੰਮ ਕਰਦੀ ਹੈ।

5. **ਸਕੱਤਰੇਤ –** ਸੰਘਾਈ ਸਹਿਯੋਗ ਸੰਗਠਨ ਦਾ ਸਕੱਤਰੇਤ ਸੰਗਠਨ ਦੀ ਮੁਢਲੀ ਕਾਰਜਕਾਰੀ ਦਾ ਹਿੱਸਾ ਹੈ। ਇਸ ਦਾ ਕੰਮ ਸੰਗਠਨ ਦੇ ਫੈਸਲਿਆਂ ਨੂੰ ਲਾਗੂ ਕਰਨਾ, ਘੋਸ਼ਣਾ-ਪੱਤਰਾਂ ਅਤੇ ਮੁੱਦਿਆਂ ਦਾ ਡਰਾਫਟ ਤਿਆਰ ਕਰਨਾ, ਸੰਗਠਨ ਦੇ ਦਸਤਾਵੇਜ਼ਾਂ ਦੀ ਸੰਭਾਲ ਕਰਨਾ ਅਤੇ ਸੰਘਾਈ ਸਹਿਯੋਗ ਸੰਗਠਨ ਦੀ ਗਤੀਵਿਧੀਆਂ ਦੀ ਜਾਣਕਾਰੀ ਰੱਖਣਾ ਹੈ। ਇਸ ਦਾ ਮੁੱਖ ਦਫਤਰ ਬੀਜਿੰਗ ਵਿਖੇ ਸਥਿਤ ਹੈ। ਇਸ ਦੇ ਮੌਜੂਦਾ ਸਕੱਤਰ ਜਨਰਲ ਮੁਰਾਤਬੇਕ ਇਮਾਨਾਲੀਵ (ਕਿਰਜ਼ਿਗਸਤਾਨ) ਹਨ।

6. **ਖੇਤਰੀ ਅੱਤਵਾਦ ਵਿਰੋਧੀ ਸੰਗਠਨ –** (Regional Anti-Terrorist Structure-RATS) ਇਸ ਦਾ ਮੁੱਖ ਦਫ਼ਤਰ ਤਾਸ਼ੰਕਦ (ਉਜ਼ਬੇਕਿਸਤਾਨ) ਵਿਚ ਹੈ। ਇਹ ਸੰਘਾਈ ਸਹਿਯੋਗ ਸੰਗਠਨ ਦਾ ਪ੍ਰਮੁੱਖ ਅੰਗ ਹੈ। ਜਿਸਦਾ ਕੰਮ ਮੈਂਬਰ ਰਾਜਾਂ ਵਿਚ ਅੱਤਵਾਦ ਦੀ ਸਮੱਸਿਆ ਨਾਲ ਨਜਿੱਠਣਾ ਹੈ। ਇਸ ਦਾ ਮੁੱਖੀ ਤਿੰਨ ਸਾਲਾਂ ਲਈ ਚੁਣਿਆ ਜਾਂਦਾ ਹੈ। ਹਰ ਮੈਂਬਰ ਰਾਜ ਆਪਣਾ ਇਕ-ਇਕ ਸਥਾਈ ਪ੍ਰਤੀਨਿਧੀ ਵੀ ਭੇਜਦਾ ਹੈ।

**ਸ਼ਿਖਰ ਸੰਮੇਲਨ (Summits)**

ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਅਨੁਸਾਰ ਮੈਂਬਰ ਰਾਜਾਂ ਦੇ ਮੁਖੀਆਂ ਦੀ ਕਾਂਉਸਲ ਦੀ ਮੀਟਿੰਗ ਹਰ ਸਾਲ ਅਤੇ ਮੈਂਬਰ ਦੇਸ਼ਾਂ ਦੀ ਰਾਜਧਾਨੀ ਵਿਚ ਰੂਸੀ ਵਰਣਨਾਤਮਕ (Russian alphabetical order) ਕ੍ਰਮ ਅਨੁਸਾਰ ਕਰਵਾਈ ਜਾਵੇਗੀ।

**ਸਦਸੱਤਾ (Membership)** –

SCO ਵਿਚ ਸਥਾਈ, ਪ੍ਰੇਖਕ, ਸੰਵਾਦ-ਸਹਿਯੋਗੀ ਅਤੇ ਮਹਿਮਾਨ ਦਾ ਦਰਜਾ ਪ੍ਰਾਪਤ ਮੈਂਬਰ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ।ਸਾਲ 2010 ਤੋਂ ਸੰਘਾਈ ਸਹਿਯੋਗ ਸੰਗਠਨ ਵਿਚ ਨਵੇਂ ਮੈਂਬਰ ਬਣਾਉਣ ਦੇ ਨਵੇਂ ਨਿਯਮ ਬਣਾਏ ਗਏ ਹਨ ਪਰ ਅਜੇ ਤੱਕ ਕੋਈ ਵੀ ਨਵਾਂ ਮੈਂਬਰ ਨਹੀਂ ਬਣਾਇਆ ਗਿਆ ਹੈ। ਕਈ ਦੇਸ਼ ਪ੍ਰੇਖਕ ਵਜੋਂ ਇਸ ਦੇ ਸੰਮੇਲਨਾਂ ਵਿਚ ਹਿੱਸਾ ਲੈਂਦੇ ਹਨ ਜਿਹਨਾਂ ਵਿਚੋਂ ਕਈ ਦੇਸ਼ਾਂ ਨੇ ਭਵਿੱਖ ਵਿਚ ਇਸ ਸੰਗਠਨ ਦਾ ਸਥਾਈ ਮੈਂਬਰ ਬਣਨ ਲਈ ਰੁਚੀ ਵਿਖਾਈ ਹੈ। ਇਹਨਾਂ ਵਿਚੋਂ ਭਾਰਤ ਅਤੇ ਇਰਾਨ ਪ੍ਰਮੁੱਖ ਹਨ। ਭਾਰਤ ਇਸ ਵੇਲੇ ਪ੍ਰੇਖਕ (observer) ਦੇਸ਼ ਹੈ। ਹਾਲਾਂਕਿ ਰੂਸ ਵਲੋਂ ਭਾਰਤ ਨੂੰ ਸਥਾਈ ਮੈਂਬਰ ਬਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਪਾਕਿਸਤਾਨ ਨਾਲ ਖਰਾਬ ਸਬੰਧਾਂ ਅਤੇ ਚੀਨ ਵਲੋਂ ਸਰਹੱਦੀ ਝੱਗੜਿਆਂ ਦੇ ਨਾ ਸੁਲਝਣ ਕਾਰਣ ਇਸ ਵਿਚ ਕਈ ਦਿੱਕਤਾਂ ਆ ਰਹੀਆਂ ਹਨ। ਹਾਲਾਂਕਿ ਭਾਰਤ ਦੀ ਮੱਧ-ਏਸ਼ੀਆ (Central Asia) ਖਾਸ ਕਰਕੇ ਰੂਸ ਅਤੇ ਤਾਜਿਕਿਸਤਾਨ ਨਾਲ ਨੇੜਲੇ ਸੈਨਿਕ ਸੰਬਧ ਵੀ ਭਾਰਤ ਦੇ ਪੱਖ ਵਿਚ ਜਾਂਦੇ ਹਨ। ਇਸ ਤੋਂ ਇਲਾਵਾ ਇਸ ਖੇਤਰ ਵਿਚ ਮੌਜੂਦ ਤੇਲ ਦੇ ਭੰਡਾਰ ਵੀ ਭਾਰਤ ਲਈ ਮਹੱਤਵਪੂਰਣ ਹਨ।

**ਸ਼ੰਘਾਈ ਸਹਿਯੋਗ ਸੰਗਠਨ ਦੇ ਸਹਿਯੋਗ ਦੇ ਖੇਤਰ (SCO areas of Cooperation)**

ਮੌਜੂਦਾ ਸਮੇਂ ਵਿਚ ਸੰਘਾਈ ਸਹਿਯੋਗ ਸੰਗਠਨ ਸੁਰੱਖਿਆ, ਆਰਥਿਕਤਾ, ਆਵਾਜਾਈ, ਸੰਸਕ੍ਰਿਤਿਕ ਮਾਮਲਿਆਂ, ਕੁਦਰਤੀ ਆਪਦਾਵਾਂ ਅਤੇ ਕਾਨੂੰਨੀ ਵਿਵਸਥਾ ਸੰਬਧੀ ਮਾਮਲਿਆਂ ਵਿਚ ਸਹਿਯੋਗ ਕਰ ਰਿਹਾ ਹੈ। ਜਿਸ ਵਿਚੋਂ ਸੁਰੱਖਿਆ ਅਤੇ ਆਰਥਿਕ ਸਹਿਯੋਗ ਪ੍ਰਮੁੱਖ ਹਨ।

**1. ਸੁਰੱਖਿਆ ਦੇ ਖੇਤਰ ਵਿਚ ਸਹਿਯੋਗ (Security Cooperation)** ਸੰਘਾਈ ਸਹਿਯੋਗ ਸੰਗਠਨ ਨੇ ਸੁਰੱਖਿਆ ਦੇ ਖੇਤਰ ਵਿਚ ਮੁੱਖ ਰੂਪ ਅੱਤਵਾਦ, ਵੱਖਵਾਦ ਅਤੇ extremism ਵਿਰੁੱਧ ਕਾਫੀ ਧਿਆਨ ਕੇਂਦਰਿਤ ਕੀਤਾ ਹੈ। ਸੰਘਾਈ ਸਹਿਯੋਗ ਸੰਗਠਨ ਪਹਿਲਾਂ ਅੰਤਰ ਰਾਸ਼ਟਰੀ ਸੰਗਠਨ ਹੈ ਜਿਸਨੇ ਇਹਨਾਂ ਤਿੰਨ ਬੁਰੀਆਂ ਤਾਕਤਾਂ ਦੇ ਵਿਰੁੱਧ ਲੜਾਈ ਛੇੜਨ ਦਾ ਐਲਾਨ ਕੀਤਾ ਸੀ। ਜਿਸ ਦਿਨ ਸੰਘਾਈ ਸਹਿਯੋਗ ਸੰਗਠਨ ਹੋਂਦ ਵਿਚ ਆਇਆ ਸੀ ਉਸੇ ਦਿਨ ਹੀ ਅੱਤਵਾਦ ਵਿਰੁੱਧ ਸ਼ੰਘਾਈ ਕਨਵੈਨਸ਼ਨ ਤੇ ਵੀ ਦਸਤਖ਼ਤ ਕੀਤੇ ਗਏ ਸਨ। ਇਸ ਖੇਤਰ ਵਿਚ ਅੱਤਵਾਦ ਵਿਰੁੱਧ ਲੜਾਈ ਵਿਚ ਸੰਘਾਈ ਸਹਿਯੋਗ ਸੰਗਠਨ ਦੇ ਉਦੇਸ਼ ਅਤੇ ਸਿਧਾਂਤ ਬਹੁਤ ਹੀ ਸਾਫ ਹਨ। ਇਸ ਤੋਂ ਬਾਅਦ ਜੂਨ 2002 ਵਿਚ ਸੇਂਟ ਪੀਟਰਸਬਰਗ ਵਿਖੇ ਹੋਏ ਸ਼ਿਖਰ ਸੰਮੇਲਨ ਵਿਚ ਅੱਤਵਾਦ ਵਿਰੋਧੀ ਖੇਤਰੀ ਢਾਂਚੇ ਤੇ ਦਸਤਖ਼ਤ ਕੀਤੇ ਗਏ ਸਨ। ਅਕਤੂਬਰ 2002 ਵਿਚ ਸੰਘਾਈ ਸਹਿਯੋਗ ਸੰਗਠਨ ਦੇ ਢਾਂਚੇ ਅਧੀਨ ਚੀਨ ਅਤੇ ਕਿਰਜਿਗਸਤਾਨ ਵਲੋਂ ਸੰਯੁਕਤ ਅੱਤਵਾਦ ਵਿਰੋਧੀ ਸੈਨਿਕ ਅਭਿਆਸ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੰਘਾਈ ਸਹਿਯੋਗ ਸੰਗਠਨ ਨੇ ਨਸ਼ਿਆਂ ਅਤੇ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤੱਸਕਰੀ ਵਿਰੁੱਧ ਵੀ ਮੁਹਿੰਮ ਚਲਾਈ ਹੋਈ ਹੈ।

ਸਾਲ 2004 ਵਿਚ ਤਾਸ਼ਕੰਦ (ਉਜਬੇਕਿਸਤਾਨ) ਵਿਖੇ ਸੰਮੇਲਨ ਵਿੱਚ ਖੇਤਰੀ ਅੱਤਵਾਦ ਵਿਰੋਧੀ ਢਾਂਚੇ ਦੀ ਸਥਾਪਨਾ ਕੀਤੀ ਗਈ। 21 ਅਪ੍ਰੈਲ 2006 ਨੂੰ ਸੰਘਾਈ ਸਹਿਯੋਗ ਸੰਗਠਨ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਲੜਾਈ ਦਾ ਐਲਾਨ ਕੀਤਾ ਗਿਆ। ਸਾਲ 2007 ਵਿਚ ਸੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਦੇਸ਼ਾਂ ਨੇ ਸਾਮੂਹਿਕ ਸੁਰੱਖਿਆ ਸੰਧੀ ਸੰਗਠਨ (Collective Security Treaty Organisation) ਤੇ ਤਾਜਿਕਿਸਤਾਨ ਦੀ ਰਾਜਧਾਨੀ ਦੁਸ਼ਾਂਬੇ ਵਿਖੇ ਹੋਏ ਸੰਮੇਲਨ ਵਿਚ ਦਸਤਖ਼ਤ ਕੀਤੇ ਅਤਸੁਰੱਖਿਆ, ਜੁਰਮ ਅਤੇ ਨਸ਼ੀਲੇ ਪਦਾਰਥਾਂ ਦੀ ਤੱਸਕਰੀ ਵਿਰੁੱਧ ਆਪਸੀ ਸਹਿਯੋਗ ਵਧਾਉਣ ਦੀ ਪ੍ਰਤੀਬੱਧਤਾ ਨੂੰ ਦੋਹਰਾਇਆ। ਇਸੇ ਤਰ੍ਹਾਂ ਸਾਲ 2009 ਵਿਚ ਸੂਚਨਾ ਸੰਬਧੀ ਜੰਗ (Cyber warfare) ਮਾਮਲਿਆਂ ਸੰਬਧੀ ਵੀ ਆਪਸੀ ਸਹਿਯੋਗ ਕਰਨ ਲਈ ਸੰਧੀ ਕੀਤੀ।

ਸੁਰੱਖਿਆ ਦੇ ਖੇਤਰ ਵਿਚ ਸਹਿਯੋਗ ਤੋਂ ਇਲਾਵਾ ਸੰਘਾਈ ਸਹਿਯੋਗ ਸੰਗਠਨ ਨੇ ਸੈਨਿਕ ਸਹਿਯੋਗ, ਸੂਚਨਾ ਦੇ ਅਦਾਨ-ਪ੍ਰਦਾਨ ਅਤੇ ਅੱਤਵਾਦ ਵਿਰੁਧ ਵੀ ਕਦਮ ਚੁੱਕੇ ਹਨ ਅਤੇ ਕਾਫੀ ਸੰਯੁਕਤ ਸੈਨਿਕ ਅਭਿਆਸ ਕੀਤੇ ਹਨ। 2003 ਵਿਚ ਕਜਾਖ਼ਸਤਾਨ ਅਤੇ ਚੀਨ ਵਿਚ ਅਤੇ ਇਸ ਤੋਂ ਬਾਅਦ 2005 (ਸ਼ਾਂਤੀ ਮਿਸ਼ਨ 2005), 2007 ਅਤੇ 2009 ਵਿਚ ਸੰਘਾਈ ਸਹਿਯੋਗ ਸੰਗਠਨ ਦੀ ਅਗਵਾਈ ਅਧੀਨ ਕਈ ਸੈਨਿਕ ਅਭਿਆਸ ਕੀਤੇ ਗਏ। ਰੂਸ ਦਾ ਇਹ ਵੀ ਕਹਿਣਾ ਸੀ ਕਿ ਭਵਿੱਖ ਵਿਚ ਹੋਣ ਵਾਲੇ ਅਜਿਹੇ ਸੰਯੁਕਤ ਸੈਨਿਕ ਅਭਿਆਸਾਂ ਵਿਚ ਭਾਰਤ ਨੂੰ ਵੀ ਹਿੱਸਾ ਲੈਣਾ ਚਾਹੀਦਾ ਹੈ। ਸਾਲ 2010 ਵਿਚ 'ਸ਼ਾਂਤੀ ਮਿਸ਼ਨ 2010' ਅਧੀਨ ਚੀਨ, ਰੂਸ, ਕਜਾਖ਼ਸਤਾਨ, ਕਿਰਜਿਗਸਤਾਨ ਅਤੇ ਤਾਜਿਕਿਸਤਾਨ ਦੇ ਲਗਭਗ 5000 ਸੈਨਿਕਾਂ ਵਲੋਂ ਕਜਾਖ਼ਸਤਾਨ ਵਿਚ ਸਾਂਝਾ ਸੈਨਿਕ ਅਭਿਆਸ ਕੀਤਾ ਗਿਆ।

**2. ਆਰਥਿਕ ਸਹਿਯੋਗ (Economic Cooperation) -** ਸੈਨਿਕ ਸਹਿਯੋਗ ਦੇ ਖੇਤਰ ਤੋਂ ਬਾਅਦ ਸੰਘਾਈ ਸਹਿਯੋਗ ਸੰਗਠਨ ਦਾ ਸਭ ਤੋਂ ਮਹੱਤਵਪੂਰਣ ਕੰਮ ਆਪਸੀ ਆਰਥਿਕ ਸਹਿਯੋਗ ਨੂੰ ਵਧਾਉਣਾ ਹੈ ਤਾਂ ਕਿ ਸੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਰਾਜਾਂ ਦੀ ਆਰਥਿਕ ਤਰੱਕੀ ਦੀ ਰਾਹ ਵਿਚ ਕੋਈ ਅੜਿਕਾ ਨਾ ਆਵੇ। ਇਸ ਸਬੰਧੀ 14 ਸਤੰਬਰ 2001 ਨੂੰ ਮੈਂਬਰ ਰਾਜਾਂ ਦੇ ਮੁਖੀਆਂ ਦੀ ਇਕ ਮੀਟਿੰਗ ਅਲਮਾਟਾ ਵਿਖੇ ਹੋਈ ਸੀ ਜਿਸ ਵਿਚ ਖੇਤਰੀ ਆਰਥਿਕ ਸਹਿਯੋਗ ਦੇ ਮੁੱਦਿਆਂ ਤੇ ਚਰਚਾ ਕੀਤੀ ਗਈ ਅਤੇ ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਂਤਾ ਅਨੁਸਾਰ ਆਪਸੀ ਖੇਤਰੀ ਸਹਿਯੋਗ ਨੂੰ ਵਧਾਉਣ ਅਤੇ ਵਪਾਰ ਅਤੇ ਨਿਵੇਸ਼ ਸਬੰਧੀ ਘੋਸ਼ਣਾ ਪੱਤਰ ਤੇ ਦਸਤਖ਼ਤ ਕੀਤੇ ਗਏ ਸਨ। ਸਾਲ 2002 ਵਿਚ ਇਸ ਦਿਸ਼ਾ ਵਿਚ ਕਈ ਮਹੱਤਵਪੂਰਣ ਕੰਮ ਕੀਤੇ ਗਏ ਅਤੇ ਇਸ ਤੋਂ ਇਲਾਵਾ ਵਪਾਰ, ਨਿਵੇਸ਼, ਆਵਾਜਾਈ ਅਤੇ ਊਰਜਾ ਦੇ ਖੇਤਰ ਵਿਚ ਕਈ ਨਵੇਂ ਪ੍ਰੋਜੈਕਟਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਚੀਨ ਨੂੰ ਛੱਡ ਕੇ ਬਾਕੀ ਸਾਰੇ ਹੀ ਮੈਂਬਰ ਯੂਰੇਸ਼ਿਅਨ ਆਰਥਿਕ ਸੰਘ (Eurasian Economic Community) ਦੇ ਮੈਂਬਰ ਵੀ ਹਨ। 23 ਸਤੰਬਰ 2003 ਨੂੰ ਬੀਜਿੰਗ ਵਿਚ ਸੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਰਾਜਾਂ ਦੀ ਮੁਖੀਆਂ ਦੀ ਮੀਟਿੰਗ ਵਿਚ ਚੀਨ ਦੇ ਰਾਸ਼ਟਰਪਤੀ ਵੈਨ ਜਿਆ ਬਾਓ ਦੁਆਰਾ ਸੰਘਾਈ ਸਹਿਯੋਗ ਸੰਗਠਨ ਨੂੰ ਮੁਕਤ ਵਪਾਰ ਖੇਤਰ (Free Trade Area) ਬਣਾਉਣ ਦਾ ਸੁਝਾਅ ਦਿੱਤਾ ਅਤੇ ਇਸ ਤੋਂ ਬਾਅਦ 23 ਸਤੰਬਰ 2004 ਕਈ ਹੋਰ ਖੇਤਰਾਂ ਵਿਚ ਸਹਿਯੋਗ ਸਬੰਧੀ ਇਕਰਾਰਨਾਮੇ ਦਸਤਖ਼ਤ ਕੀਤੇ ਗਏ। ਸਾਲ 2006 ਵਿਚ ਅਲਮਾਟੀ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿਚ ਰੂਸ ਦੁਆਰਾ ਸੰਘਾਈ ਸਹਿਯੋਗ ਸੰਗਠਨ ਊਰਜਾ ਕਲੱਬ (SCO Energy Club) ਬਣਾਉਣ ਦਾ ਵੀ ਐਲਾਨ ਕੀਤਾ ਗਿਆ। ਭਾਵੇਂ ਇਸ ਨੂੰ ਕੋਈ ਭਰਵਾਂ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਇਲਾਵਾ ਇਸੇ ਸਾਲ ਹੀ SCO ਅੰਤਰ ਬੈਂਕਿੰਗ ਐਸੋਸਿਐਸ਼ਨ ਦੀ ਵੀ ਪਹਿਲੀ ਬੈਠਕ ਕਰਵਾਈ ਗਈ।

16 ਜੂਨ 2009 ਨੂੰ ਯੈਕਾਤਰਿਨਬਰਗ ਸੰਮੇਲਨ ਵਿਚ ਚੀਨ ਵਲੋਂ ਮੈਂਬਰ ਰਾਜਾਂ ਦੀ ਆਰਥਿਕ ਸਥਿਤੀ ਨੂੰ ਉਬਾਰਨ, ਜੋ ਕਿ ਵਿਸ਼ਵ ਮੰਦੀ ਤੋਂ ਬਾਅਦ ਆਰਥਿਕ ਖੇਤਰ ਵਿਚ ਕਾਫ਼ੀ ਜਦੋ-ਜਹਿਦ ਕਰ ਰਹੇ ਸਨ, ਲਈ 100 ਬਿਲਿਅਨ ਅਮਰੀਕੀ ਡਾਲਰ ਦੀ ਮਦਦ ਦੇਣ ਦਾ ਐਲਾਨ ਕੀਤਾ ਗਿਆ।

**3. ਸੰਘਾਈ ਸਹਿਯੋਗ ਸੰਗਠਨ ਦਾ ਸੰਸਕ੍ਰਿਤਿਕ ਖੇਤਰ ਵਿਚ ਸਹਿਯੋਗ (Cultural Cooperation) –**

ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਵਿਚ ਮੈਂਬਰ ਰਾਜਾਂ ਵਿਚਕਾਰ ਆਪਸੀ ਸੰਸਕ੍ਰਿਤਿਕ ਸਹਿਯੋਗ ਦਾ ਵੀ ਪ੍ਰਾਵਧਾਨ ਕੀਤਾ ਗਿਆ ਹੈ। ਇਸ ਸਬੰਧੀ ਸੰਘਾਈ ਸਹਿਯੋਗ ਸੰਗਠਨ ਦੀ ਪਹਿਲੀ ਮੀਟਿੰਗ ਬੀਜਿੰਗ ਵਿਖੇ ਸਾਲ 2002 ਅਤੇ ਤੀਜੀ ਮੀਟਿੰਗ ਤਾਸ਼ਕੰਦ ਵਿਖੇ ਸਾਲ 2006 ਵਿਚ ਕਰਵਾਈ ਗਈ ਸੀ। ਸਾਲ 2005 ਵਿਚ ਅਸਤਾਨਾ ਸੰਮੇਲਨ ਦੌਰਾਨ ਇਕ ਕਲਾ ਉਤਸਵ ਅਤੇ ਪ੍ਰਦਰਸ਼ਨੀ ਦਾ ਵੀ ਆਯੋਜਨ ਕੀਤਾ ਗਿਆ ਸੀ ਅਤੇ ਸਾਲ 2008 ਵਿਚ ਕਜਾਖ਼ਸਤਾਨ ਵਲੋਂ ਮੈਂਬਰ ਦੇਸ਼ਾਂ ਦੇ ਲੋਕ ਨ੍ਰਿਤ ਉਤਸਵ ਕਰਵਾਉਣ ਦਾ ਪ੍ਰਸਤਾਵ ਦਿੱਤਾ ਗਿਆ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਸੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਦੇਸ਼ ਨਾ ਸਿਰਫ ਆਰਥਿਕ ਅਤੇ ਸੈਨਿਕ ਖੇਤਰ ਵਿਚ ਸਹਿਯੋਗ ਕਰ ਰਹੇ ਹਨ ਬਲਕਿ ਸੰਸਕ੍ਰਿਤਿਕ ਖੇਤਰ ਵਿਚ ਵੀ ਇਹ ਕਾਫੀ ਰੁਚੀ ਵਿਖਾ ਰਹੇ ਹਨ।

**ਸੰਘਾਈ ਸਹਿਯੋਗ ਸੰਗਠਨ ਦੀਆਂ ਪ੍ਰਾਪਤੀਆਂ ਅਤੇ ਮੁਸ਼ਕਲਾਂ :-**

ਸੰਘਾਈ ਸਹਿਯੋਗ ਸੰਗਠਨ ਦੇ ਬਣਨ ਤੋਂ ਬਾਅਦ ਹੀ ਬਹੁਤ ਜਲਦੀ ਇਸ ਸੰਗਠਨ ਨੇ ਅੰਤਰਰਾਸ਼ਟਰੀ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਅਤੇ ਆਰਥਿਕ, ਸੈਨਿਕ ਅਤੇ ਸੰਸਕ੍ਰਿਤਿਕ ਖੇਤਰ ਵਿਚ ਸਹਿਯੋਗ ਨਾਲ ਬਹੁਤ ਹੀ ਮਹੱਤਵਪੂਰਣ ਭੂਮਿਕਾ ਅਦਾ ਕੀਤੀ ਹੈ। ਇਸ ਤੋਂ ਇਲਾਵਾ ਸੰਘਾਈ ਸਹਿਯੋਗ ਸੰਗਠਨ ਨੇ ਮੱਧ ਏਸ਼ੀਆ, ਮੱਧ ਪੂਰਬੀ ਖੇਤਰ ਅਤੇ ਦੱਖਣੀ ਏਸ਼ੀਆ ਦੇ ਖੇਤਰਾਂ ਵਿਚ ਵੀ ਨਾ ਸਿਰਫ ਆਪਣਾ ਪ੍ਰਭਾਵ ਛੱਡਿਆ ਹੈ ਬਲਕਿ ਇਹਨਾਂ ਖੇਤਰਾਂ ਦੇ ਦੇਸ਼ਾਂ ਨਾਲ ਵੀ ਸਹਿਯੋਗ ਕਰਨ ਦੀ ਦਿਸ਼ਾ ਵਿਚ ਵੀ ਕਾਫੀ ਕੰਮ ਕੀਤਾ ਹੈ। ਇਹ ਸੰਘਾਈ ਸਹਿਯੋਗ ਸੰਗਠਨ ਦੇ ਪ੍ਰੇਖਕ ਦੇਸ਼ਾਂ, ਮਹਿਮਾਨ ਦੇਸ਼ਾਂ ਦੀ ਲਿਸਟ ਵੇਖ ਕੇ ਹੀ ਪਤਾ ਚਲਦਾ ਹੈ। ਪਰ ਇਨ੍ਹੇ ਥੋੜੇ ਸਮੇਂ ਵਿਚ ਇਹ ਸੰਗਠਨ ਨੇ ਜੋ ਪ੍ਰਾਪਤੀਆਂ ਕੀਤੀਆਂ ਹਨ ਉਹ ਬੇਮਿਸਾਲ ਹਨ।

ਸੰਘਾਈ ਸਹਿਯੋਗ ਸੰਗਠਨ ਨੇ ਸਾਲ 1996 ਤੋਂ ਹੀ ਜਦੋਂ ਇਸਨੂੰ ਸ਼ੰਘਾਈ-5 ਨਾਲ ਜਾਣਿਆ ਜਾਂਦਾ ਸੀ, ਨੇ ਆਰਥਿਕ ਅਤੇ ਸੈਨਿਕ ਸਹਿਯੋਗ ਦੇ ਖੇਤਰ ਵਿਚ ਕਾਫੀ ਮਹੱਤਵਪੂਰਣ ਕੰਮ ਕੀਤਾ ਸੀ। ਆਪਸੀ ਸਹਿਯੋਗ ਦੇ ਖੇਤਰ ਵਿਚ SCO ਦੀ ਸਭ ਤੋਂ ਮਹੱਤਵਪੂਰਣ ਪ੍ਰਾਪਤੀ ਇਹ ਰਹੀ ਕਿ ਸੰਘਾਈ ਸਹਿਯੋਗ ਸੰਗਠਨ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਅਨੁਸਾਰ ਅਤੇ ਭਰੋਸਾ ਬਣਾਉ ਜਤਨਾਂ (Confidence Building Measures) ਨਾਲ ਸੰਘਾਈ ਸਹਿਯੋਗ ਸੰਗਠਨ ਨੂੰ ਮਜ਼ਬੂਤ ਕੀਤਾ ਅਤੇ ਚੀਨ, ਰੂਸ, ਕਜਾਖ਼ਸਤਾਨ, ਕਿਰਜਿਗਸਤਾਨ ਅਤੇ ਤਾਜਿਕਿਸਤਾਨ ਨੇ ਸਾਂਝੇ ਯਤਨਾਂ ਨਾਲ ਆਪਣੇ ਸਾਰੇ ਹੀ ਸਰਹੱਦੀ ਝਗੜਿਆਂ ਨੂੰ, ਖਾਸ ਕਰਕੇ ਚੀਨ ਅਤੇ ਰੂਸ ਦੇ 3000 ਕਿ.ਮੀ. ਦੀ ਸਰਹੱਦ, ਜੋ ਕਿ ਦੋਨਾਂ ਦੇਸ਼ਾਂ ਵਿਚਕਾਰ ਤਨਾਓ ਦਾ ਕਾਰਣ ਸੀ, ਨੂੰ ਪੂਰੀ ਤਰਾਂ ਸੁਲਝਾ ਲਿਆ ਹੈ। ਅਜਿਹਾ ਅੰਤਰਰਾਸ਼ਟਰੀ ਸੰਬੰਧਾਂ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਵੇਖਣ ਨੂੰ ਮਿਲਦਾ ਹੈ।

ਇਸ ਤੋਂ ਇਲਾਵਾ ਆਪਸੀ ਸਹਿਯੋਗ ਦੇ ਖੇਤਰ ਵਿਚ ਸੰਘਾਈ ਸਹਿਯੋਗ ਸੰਗਠਨ ਮੈਂਬਰ ਰਾਜਾਂ ਦਾ ਇਕ ਹੋਰ ਸ਼ਲਾਘਾਯੋਗ ਕਦਮ ਉਹਨਾਂ ਵਲੋਂ ਨਸ਼ੀਲੇ ਪਦਾਰਥਾਂ ਦੀ ਤੱਸਕਰੀ ਰੋਕਣ ਲਈ ਕੀਤੇ ਗਏ ਯਤਨ ਹਨ। ਸੋਵਿਅਤ ਸੰਘ ਦੇ

ਟੁੱਟਣ ਨਾਲ ਮੱਧ ਏਸ਼ੀਆ ਵਿਚ ਅੱਤਵਾਦ ਅਤੇ ਵੱਖਵਾਦ ਦੀਆਂ ਗਤੀਵਿਧੀਆਂ ਵੱਧ ਗਈਆਂ ਸਨ। ਤਾਲੀਬਾਨ, ਜਿਹਨਾਂ ਦਾ ਮੁੱਖ ਕੰਮ ਅਫਗਾਨਿਸਤਾਨ ਵਿਚ ਨਸ਼ੀਲੇ ਪਦਾਰਥ ਬਣਾ ਕੇ ਬਾਹਰੀ ਮੁਲਕਾਂ ਨੂੰ ਸਪਲਾਈ ਕਰਨ ਦਾ ਸੀ, ਨੇ ਇਸ ਖੇਤਰ ਵਿਚ ਖਤਰੇ ਦੀ ਘੰਟੀ ਵਜਾ ਦਿੱਤੀ। ਸ਼ੰਘਾਈ-5 ਉਹ ਪਹਿਲਾ ਅੰਤਰਰਾਸ਼ਟਰੀ ਸੰਗਠਨ ਸੀ ਜਿਸਨੇ ਇਸ ਵਧਦੇ ਖਤਰੇ ਵਿਰੁੱਧ ਸਭ ਤੋਂ ਪਹਿਲਾਂ ਆਵਾਜ਼ ਉਠਾਈ ਸੀ। ਸਾਲ 2001 ਵਿਚ ਸੰਘਾਈ ਸਹਿਯੋਗ ਸੰਗਠਨ ਅੱਤਵਾਦ, ਵੱਖਵਾਦ ਅਤੇ extremism ਵਿਰੁੱਧ ਅੰਤਰਰਾਸ਼ਟਰੀ ਕਾਨਫਰੰਸ ਕਰਵਾਉਣ ਵਾਲਾ ਪਹਿਲਾ ਸੰਗਠਨ ਸੀ। ਸੰਘਾਈ ਸਹਿਯੋਗ ਸੰਗਠਨ ਦੇ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਅਨੁਸਾਰ ਸੰਘਾਈ ਸਹਿਯੋਗ ਸੰਗਠਨ ਨੇ ਹੋਰਨਾਂ ਸੰਗਠਨਾਂ ਨਾਲ ਵੀ ਇਹਨਾਂ ਖਤਰਿਆਂ ਦਾ ਮੁਕਾਬਲਾ ਕਰਨ ਲਈ ਅਤੇ ਇਸਦੇ ਖਾਤਮੇ ਲਈ ਕਈ ਕਦਮ ਚੁਕੇ ਹਨ। ਇਹਨਾਂ ਵਿਚੋਂ ਪ੍ਰਮੁੱਖ ਸਾਲ 2004 ਵਿਚ ਸਥਾਪਿਤ ਖੇਤਰੀ ਅੱਤਵਾਦ ਨਿਰੋਧਕ ਢਾਂਚਾ (Regional Anti-Terrorist Structure-RATS) ਦੀ ਸਥਾਪਨਾ ਹੈ।

ਮੱਧ ਏਸ਼ੀਆ ਵਿਚ ਕਈ ਅਜਿਹੇ ਨਸਲੀ ਅਤੇ ਧਾਰਮਿਕ ਮੁੱਦੇ ਹਨ, ਜੋ ਉਹਨਾਂ ਨੂੰ ਵਿਰਸੇ ਵਿਚ ਹੀ ਮਿਲੇ ਹਨ, ਜਿਨ੍ਹਾਂ ਕਰਕੇ ਉਹਨਾਂ ਨੇ ਕਈ ਵਾਰ ਆਪਸੀ ਸਮੱਸਿਆਵਾਂ ਦਾ ਸਾਹਮਣਾ ਕੀਤਾ ਹੈ। ਪਰ ਸੰਘਾਈ ਸਹਿਯੋਗ ਸੰਗਠਨ ਦੇ ਬਣਨ ਨਾਲ ਇਹਨਾਂ ਮਸਲਿਆਂ ਉਪਰ ਠੱਲ ਪਾਉਣ ਵਿਚ ਕਾਫੀ ਮਦਦ ਮਿਲੀ ਹੈ। ਸੰਘਾਈ ਸਹਿਯੋਗ ਸੰਗਠਨ ਦਾ ਚਾਰਟਰ ਅਧੀਨ ਮੈਂਬਰ ਰਾਜ ਕਈ ਸਮੱਸਿਆਵਾਂ ਦਾ ਹਲ ਕਰਣ ਵਿਚ ਕਾਮਯਾਬ ਹੋਏ ਹਨ। ਉਦਾਹਰਣ ਵਜੋਂ ਅਫ਼ਗਾਨੀਸਤਾਨ ਦੀ ਘਰੇਲੂ ਜੰਗ ਦਾ ਇਹਨਾਂ ਖੇਤਰਾਂ ਵਿਚ ਫੈਲਣ ਦਾ ਖਤਰਾ ਸੀ ਜਿਸਨੂੰ ਉਹਨਾਂ ਨੇ, ਖਾਸ ਕਰਕੇ ਠੰਢੀ ਜੰਗ ਤੋਂ ਬਾਅਦ, ਫੈਲਣ ਵਿਚ ਰੋਕਣ ਤੋਂ ਸਫਲਤਾ ਹਾਸਲ ਕੀਤੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸੰਘਾਈ ਸਹਿਯੋਗ ਸੰਗਠਨ ਕਰਕੇ ਹੀ ਅਫ਼ਗਾਨ ਘਰੇਲੂ ਜੰਗ ਇਹਨਾਂ ਖੇਤਰਾਂ ਵਿਚ ਨਹੀਂ ਫੈਲੀ। ਇਸ ਤਰ੍ਹਾਂ ਸੰਘਾਈ ਸਹਿਯੋਗ ਸੰਗਠਨ ਇਸ ਖੇਤਰ ਦੀ ਸੁਰੱਖਿਆ ਅਤੇ ਸਥਿਰਤਾ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰ ਰਿਹਾ ਹੈ।

ਸੁਰੱਖਿਆ ਅਤੇ ਸੈਨਿਕ ਸਹਿਯੋਗ ਤੋਂ ਇਲਾਵਾ ਸੰਘਾਈ ਸਹਿਯੋਗ ਸੰਗਠਨ ਨੇ ਬਰਾਬਰਤਾ ਅਤੇ ਆਪਸੀ ਫਾਇਦੇ (equality and mutual benefit) ਦੇ ਸਿਧਾਂਤ ਅਨੁਸਾਰ ਕਈ ਮਹੱਤਵਪੂਰਣ ਸਮਝੌਤਿਆਂ ਤੇ ਦਸਤਖ਼ਤ ਕੀਤੇ ਹਨ। 2004 ਵਿਚ ਇਕ ਤਾਸ਼ਕੰਦ ਵਿਖੇ ਹੋਏ ਸੰਮੇਲਨ ਵਿਚ ਉਹਨਾਂ ਨੇ ਨਾ ਸਿਰਫ਼ ਆਪਸੀ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਬਲਕਿ ਬਾਹਰੀ ਦੇਸ਼ਾਂ ਨਾਲ ਵੀ ਆਰਥਿਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਸਮਝੌਤੇ ਤੇ ਦਸਤਖ਼ਤ ਕੀਤੇ। ਸਾਲ 2004 ਵਿਚ ਸੰਘਾਈ ਸਹਿਯੋਗ ਸੰਗਠਨ ਨੂੰ ਸੰਯੁਕਤ ਰਾਸ਼ਟਰ ਸੰਘ ਵਿਚ ਪ੍ਰੇਖਕ ਵਜੋਂ ਅਹੁਦਾ (Observer Status) ਦਿੱਤਾ ਗਿਆ। ਸਾਲ 2005 ਵਿਚ ਸੰਘਾਈ ਸਹਿਯੋਗ ਸੰਗਠਨ ਨੇ ਆਸਿਆਨ ਅਤੇ ਆਜ਼ਾਦ ਰਾਜਾਂ ਦੇ ਕਾਮਨਵੈਲਥ ਨਾਲ ਸਹਿਯੋਗ ਅਤੇ ਸਾਂਝੇਦਾਰੀ ਦੇ ਘੋਸ਼ਣਾਪੱਤਰ ਤੇ ਦਸਤਖ਼ਤ ਕੀਤੇ। ਇਸ ਤੋਂ ਇਲਾਵਾ ਭਾਰਤ, ਇਰਾਨ, ਮੰਗੋਲੀਆ ਅਤੇ ਪਾਕਿਸਤਾਨ ਨੂੰ ਪ੍ਰੇਖਕ ਦੇਸ਼ਾਂ ਦਾ ਅਹੁਦਾ ਦੇ ਕੇ ਆਪਸੀ ਸਹਿਯੋਗ ਦੀ ਸੰਭਾਵਨਾਵਾਂ ਵਿਚ ਵਾਧਾ ਕੀਤਾ ਹੈ।

ਜੇਕਰ ਸਾਰੀਆਂ ਸਫਲਤਾਵਾਂ ਦਾ ਗੌਰ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪਤਾ ਚਲਦਾ ਹੈ ਕਿ ਸੰਘਾਈ ਸਹਿਯੋਗ ਸੰਗਠਨ ਨੇ ਠੰਢੀ ਜੰਗ ਦੇ ਖਾਤਮੇ ਤੋਂ ਬਾਅਦ ਇਸ ਖੇਤਰ ਦੀ ਆਰਥਿਕ ਉੱਨਤੀ ਅਤੇ ਸਥਿਰਤਾ ਲਈ ਬਹੁਤ ਹੀ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਆਰਥਿਕ ਅਤੇ ਸੈਨਿਕ ਸਹਿਯੋਗ ਦੇ ਖੇਤਰ ਵਿਚ ਪ੍ਰਾਪਤ ਸਫਲਤਾਵਾਂ ਤੋਂ ਇਲਾਵਾ, ਪੜਾਈ, ਸੰਸਕ੍ਰਿਤਿਕ ਮਾਮਲਿਆਂ, ਖੇਡਾਂ, ਸੈਰ-ਸਪਾਟੇ ਆਦਿ ਦੇ ਖੇਤਰ ਵਿਚ ਵੀ ਕਾਫੀ ਸ਼ਲਾਘਾਯੋਗ ਕੰਮ ਕੀਤਾ ਹੈ।

ਸੰਘਾਈ ਸਹਿਯੋਗ ਸੰਗਠਨ ਦੇ ਇਤਿਹਾਸਕ ਤੋਂ ਪਤਾ ਚਲਦਾ ਹੈ ਕਿ ਸੰਘਾਈ ਸਹਿਯੋਗ ਸੰਗਠਨ ਨੇ ਭਾਵੇਂ ਕਿਨ੍ਹਾਂ ਹੀ ਆਪਸੀ ਸਹਿਯੋਗ ਕਿਉਂ ਨਾ ਕੀਤਾ ਹੋਵੇ ਪਰ ਫੇਰ ਵੀ ਉਹਨਾਂ ਅੱਗੇ ਕਈ ਚੁਣੋਤੀਆਂ ਹਨ। ਹਾਲਾਂਕਿ ਇਹ ਮੁਸ਼ਕਿਲਾਂ ਉਹਨਾਂ ਦੇ ਆਪਸ ਵਿਚਕਾਰ ਨਹੀਂ ਹਨ ਅਤੇ ਜ਼ਿਆਦਾਤਰ ਬਾਹਰੀ ਹੀ ਹਨ।

ਸਾਲ 2005 ਮੱਧ ਏਸ਼ੀਆ ਨੇ ਅੱਤਵਾਦ ਨਾਲ ਸੰਬੰਧਤ ਕਈ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ। ਭਾਵੇਂ ਉਹ ਲਾਲ ਕ੍ਰਾਂਤੀ (Colour Revolution) ਹੋਵੇ ਜਾਂ ਅਫ਼ਗਾਨੀਸਤਾਨ ਵਿਚ ਤਾਲੀਬਾਨ ਅਤੇ ਅਲ ਕਾਇਦਾ। ਖਾਸ ਕਰਕੇ ਅਮਰੀਕਾ ਦੀ ਇਰਾਨ ਵਿਰੁੱਧ ਲੜਾਈ ਤੋਂ ਬਾਅਦ ਮੱਧ-ਏਸ਼ੀਆ ਵਿਚ ਹਿਜ਼ਬ-ਉਤ-ਤਹਰੀਰ (Hizb-ut-Tahrir) ਨਾਮਕ ਅੱਤਵਾਦੀ ਸੰਗਠਨ, ਜੋ ਕਿ ਫਰਗਾਨਾਂ ਘਾਟੀ ਵਿਚ ਜ਼ਿਆਦਾ ਗਰੀਬੀ ਹੋਣ ਕਰਕੇ ਕਾਫੀ ਮਸ਼ਹੂਰ ਹੈ, ਨੇ ਇਸ

ਖੇਤਰ ਵਿਚ ਕਾਫ਼ੀ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਜੋ ਕਿ ਸੰਘਾਈ ਸਹਿਯੋਗ ਸੰਗਠਨ ਦੇ ਦੇਸ਼ਾਂ ਲਈ ਇਕ ਵੱਡੀ ਚੁਣੋਤੀ ਹੈ।

ਸੰਘਾਈ ਸਹਿਯੋਗ ਸੰਗਠਨ ਦੀ ਹੋਰ ਸਭ ਤੋਂ ਵੱਡੀ ਚੁਣੋਤੀ ਹੈ ਨਸ਼ੀਲੇ ਪਦਾਰਥਾਂ ਦੀ ਤੱਸਕਰੀ। ਜਿਵੇਂ ਕਿ ਪਹਿਲਾਂ ਹੀ ਇਸ ਗਲ ਦਾ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਅਫ਼ਗਾਨੀਸਤਾਨ ਦੀ ਸਰਹੱਦ ਤੋਂ ਆਉਣ ਵਾਲੇ ਨਸ਼ੀਲੇ ਪਦਾਰਥਾਂ ਦੀ ਤੱਸਕਰੀ ਇਸ ਖੇਤਰ ਦੀ ਸੁਰੱਖਿਆ ਲਈ ਵੱਡੀ ਚੁਣੋਤੀ ਹੈ। ਹਾਲਾਂਕਿ ਸੰਘਾਈ ਸਹਿਯੋਗ ਸੰਗਠਨ ਨੇ ਇਸ ਦਿਸ਼ਾ ਵਲ ਕਾਫੀ ਸਖ਼ਤ ਕਦਮ ਚੁੱਕੇ ਹਨ ਜਿਸ ਵਿਚ ਅਫ਼ਗਾਨੀਸਤਾਨ ਨੂੰ ਸਮਾਜਿਕ, ਆਰਥਿਕ ਅਤੇ ਮਨੁੱਖੀ ਪੱਧਰ ਤੇ ਸਥਿਰ ਕਰਨਾ ਵੀ ਸ਼ਾਮਿਲ ਹੈ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਕਿਸ ਤਰਾਂ ਸੰਘਾਈ ਸਹਿਯੋਗ ਸੰਗਠਨ ਨੇ ਥੋੜੇ ਹੀ ਸਮੇਂ ਵਿਚ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ। ਇਸ ਸੰਗਠਨ ਦੀ ਯੂਰਪੀ ਖੇਤਰ ਤੋਂ ਬਾਹਰ, ਜੇਕਰ ਹੋਰਨਾਂ ਅੰਤਰਰਾਸ਼ਟਰੀ ਸੰਗਠਨਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੇਸ਼ਾਂ ਨੇ ਆਪਣੇ ਝਗੜਿਆਂ ਨੂੰ ਸੁਲਝਾ ਕੇ ਆਰਥਿਕ, ਸੈਨਿਕਅਤੇ ਸੁਰੱਖਿਆ ਦੇ ਖੇਤਰ ਵਿਚ ਜੋ ਪ੍ਰਾਪਤੀਆਂ ਕੀਤੀਆਂ ਹਨ ਉਹ ਬੇਮਿਸਾਲ ਹਨ।

**ਪਾਠ ਨੰ. 2.3**

## BIMSTEC
## (ਬੰਗਾਲ ਦੀ ਖਾੜ੍ਹੀ ਲਈ ਤਕਨੀਕੀ ਅੱਤੇ ਆਰਥਿਕ ਸਹਿਯੋਗ ਦੀ ਪਹਿਲ)

ਜਾਣ ਪਛਾਣ- ਬੰਗਾਲ ਦੀ ਖਾੜੀ ਵਿਚ ਭਾਰਤੀ ਮਹਾਸਾਗਰ ਦਾ ਉੱਤਰੀ-ਪੂਰਬੀ ਹਿੱਸਾ ਬਣਦਾ ਹੈ, ਜੋ ਕਿ ਇੱਕ ਖਾੜੀ ਹੈ। ਇਸ ਵਿਚ ਭਾਰਤ, ਸ੍ਰੀ ਲੰਕਾ, ਭੂਟਾਨ, ਬੰਗਲਾਦੇਸ਼, ਮਯਾਂਮਾਰ, ਸਿੰਗਾਪੋਰ, ਮਲੇਸ਼ੀਆ, ਥਾਈਲੈਂਡ ਅਤੇ ਇੰਡੋਨੇਸ਼ੀਆ ਦੇ 1.5 ਅਰਬ ਲੋਕਾਂ ਸਹਿਤ ਦੂਨੀਆਂ ਦੀ 21% ਅਬਾਦੀ ਇਕਠੇ ਇਕ ਰੂਪ ਵਿਚ ਸ਼ਾਮਿਲ ਹਨ।ਇਹ ਸੰਗਠਨ ਬਾਕੀ ਸੰਗਠਨਾਂ ਨਾਲੋਂ ਵੱਖ ਹੈ ਕਿਉਂਕੀ ਇਸ ਵਿਚ ਦੁਨੀਆ ਦੇ ਸੱਭ ਤੋਂ ਵੱਧ ਵੱਖਰੇ ਧਰਮਾਂ, ਨਸਲਾਂ, ਰੀਤੀ-ਰਿਵਾਜ਼ਾਂ ਦੇ ਲੋਕ ਸ਼ਾਮਿਲ ਹਨ।

**ਬੰਗਾਲ ਦੀ ਖਾੜ੍ਹੀ ਲਈ ਤਕਨੀਕੀ ਅੱਤੇ ਆਰਥਿਕ ਸਹਿਯੋਗ ਦੀ ਪਹਿਲ** ਦੀ ਉਤੱਪਤੀ - ਜੂਨ 6, 1997 ਨੂੰ ਬੈਂਕਾਕ ਵਿਖੇ ਇਕ ਬੁਲਾਈ ਗਈ ਬੈਠਕ ਵਿਚ ਸਬ-ਖੇਤਰੀ ਸਹਿ-ਕਾਰਵਾਈ ਲਈ ਇਕ ਬਲਾਕ ਦੀ ਸਥਾਪਨਾ ਕੀਤੀ ਗਈ ਜਿਸਦਾ ਨਾਮ ਬਿਸਟ - ਚੌਂਣ ਕਮਿਸ਼ਨ ਰਖਿਆ ਗਿਆ ਜਿਸ ਵਿਚ ਬੰਗਲਾਦੇਸ਼, ਭਾਰਤ, ਸ਼੍ਰੀ-ਲੰਕਾ,ਸਿੰਗਾਪੁਰ ਸ਼ਾਮਿਲ ਸੀ ਪਰ ਬਾਅਦ ਵਿਚ 22 ਦਸੰਬਰ 1997 ਨੂੰ ਮਿਆਂਮਾਰ ਵੀ, ਇਕ ਵਿਸ਼ੇਸ਼ ਮੰਤਰੀ ਮੀਟਿੰਗ, ਜੋ ਕਿ ਬੈਂਕਾਕ ਵਿਖੇ ਬੁਲਾਈ ਗਈ ਸੀ, ਉਸਦੇ ਦੁਰਾਨ ਇਕ .ਖਾਸ ਅੰਗ ਵਜੋਂ ਸ਼ਾਮਿਲ ਹੋ ਗਿਆ ਅਤੇ ਫਿਰ ਇਸ ਬਲਾਕ ਦਾ ਨਾਮ ਬਦਲ ਕੇ ਬੀਮਸਟੈਕ ਰੱਖ ਦਿੱਤਾ ਗਿਆ।2003 ਵਿਚ ਨੇਪਾਲ ਅਤੇ ਭੁਟਾਨ ਨੂੰ ਵੀ ਇਸਦੇ ਮੈਂਬਰ ਬਨਾਇਆ ਗਿਆ ਅਤੇ 31 ਜੁਲਾਈ 2004 ਨੂੰ ਪਹਿਲੀ ਮੀਟਿੰਗ ਦੌਰਾਨ ਸਾਰੇ ਮੈਂਬਰਾ ਨੇ ਮਿਲਕੇ ਇਹ ਫੈਸਲਾ ਲਿਆ ਕਿ ਹੁਣ ਤੋਂ ਇਹ ਗਰੁੱਪ ਬੰਗਾਲ ਦੀ ਖਾੜੀ ਵਿਚ ਬਹੁਪੱਖੀ ਤਕਨੀਕੀ ਅੱਤੇ ਆਰਥਿਕ ਸਹਿਯੋਗ ਲਈ ਜਾਣਿਆ ਜਾਵੇਗਾ।ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਬੀਮਸਟੈਕ ਦੇ ਮੈਂਬਰ ਦੇਸ਼ਾਂ ਨੇ ਮਿਲਕੇ ਉਰਜਾ, ਮੱਛੀ ਪਾਲਣ, ਟਕਨਾਲਜ਼ੀ,ਵਪਾਰ ਅਤੇ ਨਿਵੇਸ਼, ਆਵਾਜਾਈ ਅਤੇ ਸੰਚਾਰ, ਸੈਰ ਸਪਾਟਾ ਅਦਿ ਦੇ ਖੇਤਰਾਂ ਵਿਚ ਇਕਦੂਜੇ ਨੂੰ ਸੰਪੂਰਨ ਸਹਿਜੋਗ ਦਿੱਤਾ।2005 ਤੋਂ ਇਜ ਸੰਗਠਨ ਆਪਸ ਵਿਚ ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਨੂੰ ਵਿਕਸਿਤ ਕਰ ਰਿਹਾ ਹੈ।

**ਬੀਮਸਟੈਕ ਦੇ ਉਦੇਸ਼:-**

1. ਇਕ-ਦੁਜੇ ਦੇ ਆਰਥਿਕ ਵਿਕਾਸ ਲਈ ਅਤੇ ਉਸ ਵਿਚ ਤੇਜੀ ਲਿਆਉਣ ਲਈ ਸਹਿਜੋਗ ਕਰਨਾ।

2. ਇਕ-ਦੁਜੇ ਦੇ ਖਿਤੇ ਵਿਚ ਸਮਾਜਿਕ ਪੱਧਰ ਉੱਚਾ ਚੁੱਕਣ ਦੇ ਯਤਨ ਕਰਨਾ।

3. ਵਿਦਿਅਕ ਅਤੇ ਤਕਨੀਕੀ ਖੇਤਰ ਵਿਚ ਸਿਖਲਾਈ ਅਤੇ ਖੋਜ਼ ਦੇ ਖੇਤਰ ਵਿਚ ਸਹਿਜੋਗ ਕਰਨਾ।

4. ਬੀਮਸਟੈਕ ਨੂੰ ਸਾਰਕ ਅਤੇ ਆਸਿਆਨ ਵਿਚਕਾਰ ਇਕ ਕੜੀ ਮੰਨਿਆ ਜਾਂਦਾ ਹੈ ਇਸ ਕਰਕੇ ਇਸਦੇ ਸੱਤੇ ਮੈਂਬਰ ਦੇਸ਼ ਇਕ ਦੁਜੇ ਨੂੰ ਹਰ ਪੱਖੋਂ ਵਿਕਾਸ ਕਰਨ ਅਤੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਸਹਿਯੋਗ ਮੁਹਈਆ ਕਰਵਾਉਂਦੇ ਹਨ।

**ਬੀਮਸਟੈਕ ਦੇ ਅਸੂਲ:-**

1) ਸਾਰੇ ਸੱਤੇ ਮੈਂਬਰ ਦੇਸ਼ ਇਕ ਦੂਜੇ ਨੂੰ ਬਰਾਬਰ ਦਾ ਦਰਜ਼ਾ ਦੇਣ ਅਤੇ ਇਕ ਦੂਜੇ ਦੀ ਆਜ਼ਾਦੀ ਦਾ ਆਦਰ ਕਰਨ।

2) ਸਾਰੇ ਦੇਸ਼ ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਨਾ ਕਰਨ।

3) ਆਪਸ ਵਿਚ ਅਮਨ ਸ਼ਾਂਤੀ ਕਾਇਮ ਰੱਖਨ ਅਤੇ ਖੇਤਰੀ ਇਕਸਾਰਤਾ ਰੱਖਨ।

ਚੇਅਰਮੈਨਸ਼ਿਪ:-

1. ਬੰਗਲਾਦੇਸ਼- 1997-1999
2. ਭਾਰਤ- 2000
3. ਮਯਾਂਮਾਰ- 2001-2002
4. ਸ਼੍ਰੀ ਲੰਕਾ- 2002-2003
5. ਥਾਈਲੈਂਡ- 2004-2005
6. ਬੰਗਲਾਦੇਸ਼- 2005-2006
7. ਭਾਰਤ- 2006-2008
8. ਮਯਾਂਮਾਰ- 2009-2014
9. ਨੇਪਾਲ- 2015-

ਬੀਮਸਟੈਕ ਦੇ ਵਪਾਰਕ-ਸਹਿਯੋਗ ਖੇਤਰ-

1- ਟੈਕਸਟਾਈਲ ਅਤੇ ਕੱਪੜੇ- ਬੰਗਲਾਦੇਸ਼
2- ਡਰਗਜ਼ ਅਤੇ ਫਾਰਮਾਸਿਊਟੀਕਲ- ਭਾਰਤ
3. ਹੀਰੇ ਅਤੇ ਗਹਿਣੇ- ਸ਼੍ਰੀ ਲੰਕਾ
4. ਬਾਗਬਾਨੀ ਅਤੇ ਖੇਤੀ ਉਤਪਾਦ- ਸਿੰਗਾਪੋਰ
5. ਡੱਬਾਬੰਦ ਖਾਣਾ- ਸ਼੍ਰੀ ਲੰਕਾ
6. ਆਟੋਮੋਟਿਵ ਉਦਯੋਗ- ਸਿੰਗਾਪੋਰ
7. ਰਬੜ, ਚਾਹ ਅਤੇ ਕੌਫੀ- ਸਿੰਗਾਪੋਰ
8. ਨਾਰੀਅਲ ਅਤੇ ਮਸਾਲੇ- ਭਾਰਤ

ਤਕਨਾਲੌਜ਼ੀ ਦਾ ਖੇਤਰ- ਇਹ ਖੇਤਰ ਸ਼੍ਰੀ ਲੰਕਾ ਵਲੋਂ ਸੰਭਾਲਿਆ ਜਾਂਦਾ ਹੈ ਅਤੇ ਇਸਦੀਆਂ ਪਹਿਲੀਆਂ ਦੋ ਮੀਟਿੰਗਾਂ ਭਾਰਤ ਵਿਚ 2000 ਤੇ 2002 ਵਿਚ ਹੋਇਆਂ।

ਆਵਾਜਾਈ ਅਤੇ ਸੰਚਾਰ ਅਤੇ ਸੈਰ-ਸਪਾਟਾ ਦਾ ਖੇਤਰ- ਇਸਨੂੰ ਭਾਰਤ ਵਲੋਂ ਸੰਭਾਲਿਆ ਜਾਂਦਾ ਹੈ ਅਤੇ ਇਸ ਵਿਚ ਆਵਾਜਾਈ ਅਤੇ ਸੰਚਾਰ ਦੇ ਸਾਧਨਾ ਦੀ ਤਰੱਕੀ ਬਾਰੇ ਸੋਚਿਆ ਜਾਂਦਾ ਹੈ।ਸਾਰੇ ਦੇਸ਼ਾਂ ਵਿਚਕਾਰ ਜਲ,ਥਲ ਅਤੇ ਅਕਾਸ਼ ਰਾਹੀਂ ਇਕਦੂਜੇ ਨਾਲ ਜੁੜਨ ਦੀ ਹਰ ਸਭੰਵ ਕੋਸ਼ਿਸ਼ ਕੀਤੀ ਜਾਂਦੀ ਹੈ।ਇਸ ਸੈਕਟਰ ਦੀ ਪਹਿਲੀ ਮੀਟਿੰਗ ਭਾਰਤ ਵਿਚ ਦਿੱਲੀ ਵਿਖੇ 23 ਅਤੇ 24 ਅਪ੍ਰੈਲ

2001 ਨੂੰ ਹੋਈ।ਜਿਸ ਵਿਚ ਆਪਸੀ ਆਵਾਜਾਈ ਅਤੇ ਸਰਹੱਦੀ ਆਵਾਜਾਈ ਲਈ ਸਹੂਲਤ ਅਤੇ ਸੰਚਾਰ ਨੂੰ ਹੋਰ ਵਧੀਆ ਕਰਨਾ।ਇਸ ਲਈ ਓਪਨ ਸਕਾਈ ਪੋਲਸੀ ਅਤੇ ਟਰਾਈ-ਲੇਟਰਲ ਹਾਈਵੇ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਹੜਾ ਕਿ ਥਾਈ-ਮਯਾਂਮਾਰ-ਭਾਰਤ ਅਤੇ ਥਾਈ-ਮਯਾਂਮਾਰ-ਬੰਗਲਾਦੇਸ਼ ਵਿਚਕਾਰ ਬਣਿਆ ਹੈ।ਇਹ ਹਾਈਵੇ ਬੰਗਾਲ ਦੀ ਖਾੜੀ ਤੋਂ ਦੱਖਣੀ ਚੀਨ ਸਾਗਰ ਤੱਕ ਜਾਂਦਾ ਹੈ।

ਊਰਜਾ ਦਾ ਖੇਤਰ- ਇਹ ਖੇਤਰ ਮਯਾਂਮਾਰ ਵਲੋਂ ਸੰਭਾਲਿਆ ਜਾਂਦਾ ਹੈ ਮਯਾਂਮਾਰ ਇਸਲਈ ਪੰਜ ਮੀਟਿੰਗਾਂ ਸੱਦ ਚੁੱਕਾ ਹੈ।ਇਹ ਦੇਸ਼ਾਂ ਵਿਚਕਾਰ ਊਰਜਾ ਦੇ ਖੇਤਰ ਸੰਬੰਧੀ ਜਾਣਕਾਰੀ ਅਤੇ ਵਿਸਤਾਰ ਦੀ ਗੱਲ ਸਾਂਝੀ ਕਰਦਾ ਹੈ ਨਾਲ ਹੀ ਉਸਦੇ ਲਈ ਦੇਸ਼ਾਂ ਵਿਚਕਾਰ ਵਪਾਰਕ ਸੰਬੰਧ ਬਣਾਉਣ ਲਈ ਪ੍ਰੇਰਿਤ ਕਰਦਾ ਹੈ।

ਸੈਰ-ਸਪਾਟਾ ਖੇਤਰ- ਇਸ ਖੇਤਰ ਨੂੰ 2002 ਤੋਂ ਸ਼੍ਰੀ ਲੰਕਾ ਦੀ ਥਾਂ ਭਾਰਤ ਵਲੋਂ ਸੰਭਾਲਿਆ ਜਾਂਦਾ ਹੈ ਅਤੇ ਇਸਦੇ ਵਿਕਾਸ ਲਈ ਭਾਰਤ ਸਾਰੇ ਰਾਸ਼ਟਰਾਂ ਤੋਂ ਫੰਡ ਇਕੱਠਾ ਕਰਦਾ ਹੈ। 28 ਤੋਂ 30 ਅਗਸਤ 2006 ਤੱਕ ਕੋਲਕਤਾ ਵਿਖੇ ਦੂਜੀ ਰਾਉਡ ਟੇਬਲ ਮੀਟਿੰਗ ਅਤੇ ਵਰਕਸ਼ਾਪ ਦੌਰਾਨ ਕਾਠਮਾਂਡੂ ਘੋਸ਼ਣਾ ਦੇ ਤਹਿਤ ਸਾਰੇ ਰਾਸ਼ਟਰਾਂ ਸਹਿਯੋਗ ਦੀ ਅਤੇ ਅਗਲੇਰੀ ਕਾਰਵਾਈ ਨੂੰ ਅਪਨਾਉਣ ਸੰਬੰਧੀ ਵਿਚਾਰਿਆ ਗਿਆ।ਮਈ 2007 ਵਿੱਚ, ਸੈਰ ਸਪਾਟਾ ਵਰਕਿੰਗ ਗਰੁੱਪ ਕਾਇਮ ਕਰਨ ਲਈ ਸਾਰੇ ਅੰਗ ਦੇਸ਼ਾਂ ਨੇ ਆਪਣੀ ਟਿੱਪਣੀ ਦਾ ਵੇਰਵਾ ਭਾਰਤ ਦੇ ਸੈਰ ਸਪਾਟਾ ਮੰਤਰਾਲੇ ਨੂੰ ਸੌਂਪ ਦਿੱਤਾ।

ਖੇਤੀਵਾੜੀ ਅਤੇ ਮੱਛੀ-ਪਾਲਣ ਦਾ ਖੇਤਰ- ਅਸਲ ਵਿਚ ਬੀਮਸਟੈਕ ਸੰਮੇਲਣ ਵਿਚ ਚਰਚਾ ਕੀਤੀ ਗਈ ਕਿ ਖੇਤੀ ਨੂੰ ਵੀ ਮੱਛੀ-ਪਾਲਣ ਦੇ ਖੇਤਰ ਨਾਲ ਜੋੜਿਆ ਜਾਵੇ ਅਤੇ ਇਹ ਫੈਸਲਾ ਅੱਠ ਮੈਂਬਰੀ ਮੰਤਰੀ ਮੀਟਿੰਗ ਵਿਚ ਲਿਆ ਗਿਆ। ਮੱਛੀ-ਪਾਲਣ ਦੇ ਖੇਤਰ ਦਾ ਵਿਸਤਾਰ ਕਰਕੇ ਜਦੋਂ ਖੇਤੀਵਾੜੀ ਨੂੰ ਨਾਲ ਜੋੜਿਆ ਗਿਆ ਤਾਂ ਮਯਾਂਮਾਰ ਵਲੋਂ ਕਮਾਨ ਸੰਭਾਲਣ ਲਈ ਪਹਿਲ ਕੀਤੀ ਗਈ ਅਤੇ ਖੇਤੀਵਾੜੀ ਦੇ ਖੇਤਰ ਨੂੰ ਵੀ ਵਧਾਉਣ ਦੇ ਉਪਰਾਲੇ ਕੀਤੇ ਗਏ।ਪਹਿਲੀ ਮੀਟਿੰਗ ਥਾਈਲੈਂਡ ਵਿਖੇ 2001 ਨੂੰ ਹੋਈ।

ਸੱਭਿਆਚਾਰਕ ਸਹਿਯੋਗ- ਇਸ ਖੇਤਰ ਦੀ ਅਗਵਾਈ ਭੂਟਾਨ ਦੇਸ਼ ਕਰਦਾ ਹੈ।ਇਸਦੀ ਪਹਿਲੀ ਮੀਟਿੰਗ ਪਾਰੋ, ਭੂਟਾਨ ਵਿਖੇ 23-25 ਮਈ 2006 ਨੂੰ ਹੋਈ।ਇਸ ਵਿਚ ਰਾਸ਼ਟਰਾਂ ਵਿਚਕਾਰ ਸੱਭਿਆਚਾਰਕ ਸਹਿਯੋਗ ਅਤੇ ਓਦਯੋਗ ਵਧਾਉਣ, ਭਾਈਚਾਰੇ ਦੀ ਭਾਵਨਾ ਨੂੰ ਪੈਦਾ ਕਰਨਾ ਅਤੇ ਗਰੀਬੀ ਘਟਾਉਣ ਬਾਰੇ ਵਿਚਾਰ ਕੀਤਾ ਗਿਆ।

ਵਾਤਾਵਰਣ ਅਤੇ ਆਪਦਾ ਪ੍ਰਬੰਧਣ- ਇਸ ਖੇਤਰ ਦੀ ਅਗਵਾਈ ਭਾਰਤ ਕਰਦਾ ਹੈ ਬੀਮਸਟੈਕ ਦੀ ਪਹਿਲੀ ਮੀਟਿੰਗ ਵਿਚ ਭਾਰਤ ਦੇ ਤਕਨਾਲਜੀ ਵਿਭਾਗ ਨੇ 2003 ਵਿਚ ਇਕ ਐਸਾ ਪ੍ਰਬੰਧ ਕਰਨ ਦੀ ਗੱਲ ਕੀਤੀ ਜਿਸ ਅਨੁਸਾਰ ਸਾਰੇ ਰਾਸ਼ਟਰਾਂ ਨੂੰ ਪਹਿਲਾਂ ਹੀ ਆਉਣ ਵਾਲੀਆਂ ਮੌਨਸੂਨ ਅਤੇ ਚਕਰਵਾਤ ਸੰਬੰਧੀ ਸੂਚਨਾ ਸਾਂਝੀ ਹੋ ਸਕੇ।ਜਿਸ ਨਾਲ ਖੇਤੀਵਾੜੀ ਦੀ ਤਬਾਹੀ ਨੂੰ ਰੋਕਿਆ ਜਾ ਸਕੇ ਅਤੇ ਹੋਰ ਜ਼ਰੂਰੀ ਪ੍ਰਬੰਧ ਕੀਤੇ ਜਾ ਸਕਣ।ਇਸ ਲਈ ਭਾਰਤ ਨੇ ਦਿੱਲੀ ਵਿਚ ਬੀਮਸਟੈਕ ਦਾ ਇਕ ਸੈਂਟਰ ਅਗਸਤ, 2004 ਨੂੰ ਖੋਲਿਆ ਹੈ ਤੇ ਉਹ ਹੁਣ ਵੀ ਚੱਲ ਰਿਹਾ ਹੈ।

**ਜਨਤਕ ਸਿਹਤ ਖੇਤਰ-** ਇਹ ਖੇਤਰ ਥਾਈਲੈਂਡ ਦੀ ਨਿਗਰਾਨੀ ਹੇਠ ਚਲਦਾ ਹੈ ਇਹ ਸਾਰੇ ਦੇਸ਼ਾਂ ਨੂੰ ਕੁਦਰਤੀ ਸਰੋਤਾਂ ਨੂੰ ਸੰਭਾਲਣ ਦੀ ਅਤੇ ਉਹਨਾਂ ਨੂੰ ਕੁਸ਼ਲ ਤਰੀਕੇ ਨਾਲ ਵਰਤਨ ਦੀ ਲੋੜ ਦਾ

ਸਮਰਥਨ ਕਰਦਾ ਹੈ।ਇਸਦੇ ਨਾਲ ਹੀ ਗਰੀਬ **ਬ** ਦੀ ਮਦਦ ਲਈ ਰਵਾਇਤੀ ਦਵਾਈ ਦੇ ਖੇਤਰ ਵਿੱਚ ਉੱਤਮਤਾ ਲਈ ਸਹਿਯੋਗ ਅਤੇ **ਦ ਫਤ** **ਕੇ** ਨੈੱਟਵਰਕ ਸਥਾਪਤ ਕਰਨ ਲਈ ਸਮਝੌਤੇ ਦੀ ਗੱਲ ਜ਼ੋਰ ਦਿੰਦਾ ਹੈ।ਇਸਦੇ ਤਹਿਤ ਸਾਰੇ ਦੇਸ਼ਾਂ ਦੇ ਨਾਗਰਿਕਾਂ ਦੀ ਸਹਿਤ ਦੇ ਸਾਂਭ-ਸੰਭਾਲ ਦੇ ਪ੍ਰਤੀ ਕਾਰਜ਼ ਕਰਨ ਲਈ ਉਪਰਾਲਾ ਕਰਨ ਦੀ ਪਹਿਲ ਕਰਨ ਲਈ ਪ੍ਰੇਰਦਾ ਹੈ।

**ਬੀਮਸਟੈਕ ਦੀ ਉਪਯੋਗਿਤਾ-** ਭਾਰਤ ਅਤੇ ਥਾਈਲੈਂਡ ਬੀਮਸਟੈਕ ਵਿਚ ਇਕ ਵਧੀਆ ਅਰਥਚਾਰੇ ਦੇ ਨਾਲ ਨਾਲ ਇਕ ਅਗਾਂਹਵਧੂ ਦੇਸ਼ ਹਨ।ਇਸ ਤਰਾਂ ਇਹ ਦੋਨੇ ਦੇਸ਼ ਬੀਮਸਟੈਕ ਖਿੱਤੇ ਵਿਚ ਵੀ ਬਾਕੀ ਮੈਂਬਰ ਦੇਸ਼ਾਂ ਦੀ ਆਰਥਿਕਤਾ ਨੂੰ ਵੱਧਾਉਣ ਲਈ ਕਾਰਜ਼ਸ਼ੀਲ ਹਨ। ਭਾਰਤ ਲੁਕ ਈਸਟ ਪੋਲਿਸੀ ਅਤੇ ਥਾਈਲੈਂਡ ਲੁਕ ਵੈਸਟ ਪੋਲਿਸੀ ਨੂੰ ਹੁੰਗਾਰਾ ਦੇ ਰਹੇ ਹਨ।ਇਸ ਤਰਾਂ ਇਹ ਸੰਗਠਨ ਬਾਕੀ ਸਾਰੇ ਖੇਤਰਾਂ ਦੇ ਵਿਕਾਸ ਦੇ ਨਾਲ ਨਾਲ ਫ੍ਰੀ ਟ੍ਰੈਡ ਨੂੰ ਵੀ ਵਿਕਸਿਤ ਕਰਨ ਦੇ ਉਪਰਾਲੇ ਕਰ ਰਿਹਾ ਹੈ ਤੇ ਇਸਦੇ ਲਈ ਅੰਤਰ-ਰਾਸ਼ਟਰੀ ਅਤੇ ਅੰਤਰ- ਖੇਤਰੀ ਸਾਂਝ ਵਧਾਉਣ ਪ੍ਰਤੀ ਵੀ ਵਿਚਾਰ ਕਰ ਰਿਹਾ ਹੈ।ਬੀਮਸਟੈਕ ਦੀ ਹੋਂਦ ਨਾਲ ਸਾਰਕ ਦੇਸ਼ਾਂ ਨੇ ਰਾਜਨੀਤੀਕ ਸੰਬੰਧਾਂ ਤੋਂ ਉਪਰ ਉਠ ਕੇ ਆਪਸੀ ਰਿਸ਼ਤਿਆਂ ਨੂੰ ਵੀ ਸੁਧਾਰਿਆ ਹੈ ਤੇ ਕਈ ਦੇਸ਼ਾਂ ਦੇ ਆਪਸੀ ਪੁਰਾਨੇ ਰਿਸ਼ਤੇ ਵੀ ਦੁਬਾਰਾ ਜੁੜ ਗਏ ਹਨ।ਇਸ ਤਰਾਂ ਬੀਮਸਟੈਕ-ਦੇਸ਼ ਖਿਤੇ ਦੇ ਸਾਰੇ ਮੈਂਬਰ ਦੇਸ਼ਾਂ ਦੀ ਆਰਥਿਕ, ਰਾਜਨੀਤੀਕ, ਵਪਾਰਿਕ ਅਤੇ ਸਭਿਆਚਾਰਕ ਹੋਂਦ ਨੂੰ ਬਰਕਰਾਰ ਰੱਖਨ ਅਤੇ ਉੱਚਾ ਚੁੱਕਣ ਲਈ ਲ਼ਾਮਬੰਦ ਹਨ ਤੇ ਅਜਿਹੇ ਕਾਰਨਾਂ ਕਰਕੇ ਬੀਮਸਟੈਕ ਦੀ ਉਪਯੋਗਿਤਾ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਪਾਠ ਨੰ. 2.4

# ਦੱਖਣੀ-ਏਸ਼ਿਆਈ ਸਹਿਯੋਗ ਸੰਗਠਨ – ਸਾਰਕ

## (South Asian Association for Regional Cooperation – SAARC)

ਭੂਮਿਕਾ

ਦੂਜੀ ਸੰਸਾਰ ਜੰਗ ਤੋਂ ਬਾਅਦ ਖੇਤਰੀਵਾਦ (Regionalism) ਦਾ ਅੰਤਰ-ਰਾਸ਼ਟਰੀ ਸੰਬਧਾਂ ਵਿਚ ਬਹੁਤ ਹੀ ਮਹੱਤਵਪੂਰਣ ਯੋਗਦਾਨ ਰਿਹਾ ਹੈ। ਖੇਤਰ ਅਸੀ ਉਨ੍ਹਾਂ ਵੱਖ ਵੱਖ ਭਾਗਾਂ ਨੂੰ ਕਹਿ ਸਕਦੇ ਹਾਂ ਜੋ ਕਿ ਭੂਗੋਲਿਕ ਤੌਰ ਤੇ ਇਕ ਦੂਜੇ ਦੇ ਨੇੜੇ ਹੋਣ। ਅੰਤਰ-ਰਾਸ਼ਟਰੀ ਸੰਸਥਾ ਵਿਚ ਖੇਤਰ ਉਸ ਭਾਗ ਨੂੰ ਵੀ ਕਹਿੰਦੇ ਹਾਂ ਜਿਥੇ ਕੁਝ ਦੇਸ਼ਾਂ ਦੀਆਂ ਸੀਮਾਵਾਂ ਇਕ ਦੂਜੇ ਨਾਲ ਲਗਦੀਆਂ ਹੋਣ ਭਾਵੇਂ ਭੂਗੋਲਿਕ ਤੌਰ ਤੇ ਉਨ੍ਹਾਂ ਦੀ ਬਣਤਰ ਇਕੋ ਜਿਹੀ ਨਾ ਵੀ ਹੋਵੇ। ਪਰ ਉਨ੍ਹਾਂ ਦੇਸ਼ਾਂ ਦੇ ਕੁਝ ਪ੍ਰਮੁੱਖ ਹਿੱਤ ਸਾਂਝੇ ਜ਼ਰੂਰ ਹੋਣ। ਇਕ ਖੇਤਰ ਦੇ ਵਿਚ ਸਾਂਝੇ ਸਭਿਆਚਾਰ, ਸਾਂਝੀਆਂ ਭਾਸ਼ਾਵਾਂ, ਸਾਂਝੇ ਇਤਿਹਾਸ ਲਗਭਗ ਇਕੋ ਤਰ੍ਹਾਂ ਦਾ ਮੌਸਮ, ਇਕੋ ਜਿਹੀਆਂ ਨਸਲਾਂ ਅਤੇ ਇਕੋ ਜਿਹਾ ਤਕਨੀਕੀ ਪੱਧਰ ਵੀ ਵੇਖਿਆ ਜਾ ਸਕਦਾ ਹੈ।

ਖੇਤਰ ਨੂੰ ਹੋਰ ਜ਼ਿਆਦਾ ਸਮਝਣ ਦੇ ਲਈ, ਕੁਝ ਪਰਿਭਾਸ਼ਾਵਾਂ ਦਾ ਅਧਿਐਨ ਵੀ ਕੀਤਾ ਜਾ ਸਕਦਾ ਹੈ। ਅੰਤਰ-ਰਾਸ਼ਟਰੀ ਸੰਬੰਧਾਂ ਦੇ ਪ੍ਰਸਿੱਧ ਵਿਦਵਾਨ ਪਾਮਰ ਅਤੇ ਪਰਕਿਨ ਖੇਤਰ ਦੇ ਬਾਰੇ ਲਿਖਦੇ ਹਨ ਕਿ ਖੇਤਰ ਸ਼ਬਦ ਦੀ ਵਰਤੋਂ ਆਮ ਤੌਰ ਤੇ ਛੋਟੇ ਰਾਜਾਂ ਦੇ ਭਾਗਾਂ ਵਾਸਤੇ ਕੀਤੀ ਜਾਂਦੀ ਹੈ। ਪਰ ਇਥੇ ਇਸ ਗੱਲ ਤੇ ਜ਼ੋਰ ਦੇਣਾ ਜ਼ਰੂਰੀ ਹੈ ਕਿ ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਖੇਤਰ ਉਹ ਇਲਾਕਾ ਹੈ ਜਿਥੇ ਤਿੰਨ ਜਾਂ ਉਸ ਤੋਂ ਜ਼ਿਆਦਾ ਰਾਜਾਂ ਦੀਆਂ ਸੀਮਾਵਾਂ ਇਕ ਦੂਜੇ ਮਿਲਦੀਆਂ ਹਨ। ਇਨ੍ਹਾਂ ਰਾਜਾਂ ਦੇ ਹਿੱਤ ਵੀ ਸਾਂਝੇ ਹੁੰਦੇ ਹਨ ਅਤੇ ਭੂਗੋਲ ਆਦਿ ਵੀ ਮਿਲਦੇ ਜੁਲਦੇ ਹਨ। ਇਹ ਜ਼ਰੂਰੀ ਨਹੀਂ ਕਿ ਇਹ ਜੁੜੇ ਹੋਣ ਅਤੇ ਉਸੇ ਮਹਾਂਦੀਪ ਵਿਚ ਹੋਣ" ("Because of the use of the term 'region' to mean areas smaller than states, it is important to emphasise that in international relations, a region is 'invariably an area embracing the territories of three or more states. These states are bound together by ties of common interests as well as of geography. They are not necessarily contiguous or even in the same continent"—Palmer and Perkins).

ਸਲੀਸ਼ਰ (Schleicher) ਦੇ ਮੁਤਾਬਕ "ਇਕ ਅੰਤਰ-ਰਾਸ਼ਟਰੀ ਖੇਤਰ ਵਿਚ ਅਜਿਹੇ ਖੇਤਰ ਜਾਂ ਕਈ ਰਾਜ ਆਉਂਦੇ ਹਨ ਜੋ ਘੱਟ ਤੋਂ ਘੱਟ ਇਕ ਉਦੇਸ਼ ਦੇ ਲਈ ਇਸ ਖੇਤਰ ਨੂੰ ਬਾਕੀ ਖੇਤਰਾਂ ਨਾਲੋਂ ਅਲੱਗ ਰੱਖਦੇ ਹਨ"("An international region consists of area or number of countries which at least for one purpose distinguish it from other areas" —Schleicher).

### 1. ਖੇਤਰੀ ਸੰਗਠਨ (Regional Organisation)

ਖੇਤਰ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਹੁਣ ਖੇਤਰੀ ਸੰਗਠਨਾਂ ਦਾ ਕੁਝ ਅਧਿਐਨ ਕਰਾਂਗੇ। ਇਕ ਖੇਤਰੀ ਵਿਵਸਥਾ ਦੋ ਜਾਂ ਇਸ ਤੋਂ ਜ਼ਿਆਦਾ ਰਾਜਾਂ ਦੇ ਵਿਚਕਾਰ ਲੰਬੇ ਸਮੇਂ ਦਾ ਸਮਝੌਤਾ ਹੁੰਦਾ ਹੈ ਜੋ ਖਾਸ ਹਾਲਤਾਂ ਵਿਚ ਰਾਜਨੀਤਿਕ, ਸੈਨਿਕ, ਆਰਥਿਕ ਕ੍ਰਿਆ ਵਿਚ ਮਿਲਵਰਤਨ ਪੈਦਾ ਕਰਨ ਵਿੱਚ ਸਹਾਇਕ ਹੁੰਦਾ ਹੈ ਅਤੇ ਆਪਣੇ ਖੇਤਰਾਂ ਜਾਂ ਆਪਣੇ ਰਾਜਾਂ ਲਈ ਆਪਸੀ ਵਚਨਬੱਧਤਾ ਨੂੰ ਦੋਹਰਾਉਂਦਾ ਹੈ। ਕਈ ਵਾਰੀ, ਖੇਤਰੀ ਸੰਗਠਨ ਦੇ ਪੈਦਾ ਹੋਣ ਦਾ ਕਾਰਨ ਕਿਸੇ ਝਗੜੇ ਦਾ ਸ਼ਾਂਤੀਪੂਰਨ ਹੱਲ ਲੱਭਣਾ ਵੀ ਹੁੰਦਾ ਹੈ। ਇਸ ਤੋਂ ਬਿਨ੍ਹਾਂ ਆਰਥਿਕ ਅਤੇ ਸਭਿਆਚਾਰਕ ਸੰਬੰਧਾਂ ਦੇ ਲਈ ਸੰਗਠਨ ਹੋਂਦ ਵਿਚ ਆਉਂਦੇ ਹਨ। ਖੇਤਰੀ ਸੰਗਠਨ ਦਾ ਉਦੇਸ਼ ਇਕ ਵੱਖਰੀ ਕਿਸਮ ਦੀ ਰਾਜਨੀਤਿਕ ਹੋਂਦ ਪੈਦਾ ਕਰਨਾ ਹੁੰਦਾ ਹੈ। ਖੇਤਰੀ ਸੰਗਠਨਾਂ ਦਾ ਉਦੇਸ਼ ਉਨ੍ਹਾਂ ਰਾਜਾਂ ਦੇ ਸਮੂਹ ਵਿਚ ਸਹਿਯੋਗ ਸਥਾਪਿਤ ਕਰਨਾ ਵੀ ਹੁੰਦਾ ਹੈ ਜਿਹੜੇ ਕਿ ਭੂਗੋਲਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਹਿੱਤਾਂ ਕਰਕੇ ਇਕ ਦੂਜੇ ਨੂੰ ਆਪਣੇ ਨਾਲ ਜੁੜਿਆ ਮਹਿਸੂਸ ਕਰਦੇ ਹਨ। ਅੰਤਰ-ਰਾਸ਼ਟਰੀ ਸੰਬੰਧਾਂ ਦੇ ਵਿਚ ਖੇਤਰੀਵਾਦ ਦੀਆਂ ਸਾਨੂੰ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ ਜੋ ਆਪਣੇ ਰਾਸ਼ਟਰਾਂ ਦੇ ਸਾਂਝੇ ਹਿੱਤਾਂ ਨੂੰ ਪ੍ਰਾਪਤ ਕਰਨ ਲਈ ਗਤੀਸ਼ੀਲ ਹਨ। ਇਕ ਖੇਤਰੀ ਪ੍ਰਬੰਧ ਸੈਨਿਕ ਜਾਂ ਆਰਥਿਕ ਜਾਂ ਰਾਜਨੀਤਿਕ ਜਾਂ ਬਹੁ-ਪੱਖੀ ਜਾਂ ਫਿਰ ਕਈ ਉਦੇਸ਼ਾਂ ਵਾਲੇ ਸੰਗਠਨ ਹੋ ਸਕਦੇ ਹਨ। ਹਰੇਕ ਖੇਤਰੀ ਸੰਗਠਨ ਆਪਣੇ

ਇਕ ਪ੍ਰਬੰਧਕੀ ਢਾਂਚੇ ਦੁਆਰਾ ਕੰਮ ਕਰਦਾ ਹੈ। ਆਧੁਨਿਕ ਖੇਤਰੀ ਸੰਗਠਨ ਜਿਹੜੇ ਕਿ 1945 ਦੀ ਦੂਜੀ ਵੱਡੀ ਸੰਸਾਰ ਜੰਗ ਤੋਂ ਬਾਅਦ ਹੋਂਦ ਵਿਚ ਆਏ, ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ, ਉਹ ਹਨ :

(1.1) ਖੇਤਰੀ ਰੱਖਿਆ ਸੰਗਠਨ (Regional Defence Organisation)

(1.2) ਦੋਗਲੇ ਸੰਗਠਨ (Hybrid Organisation)

(1.3) ਕ੍ਰਿਆਸ਼ੀਲ ਸੰਗਠਨ (Functional Organisation)

ਪਹਿਲੀ ਕਿਸਮ ਦੇ ਸੰਗਠਨਾਂ ਵਿਚ ਨਾਟੋ (NATO), ਸੀਟੋ (SEATO), ਸੈਂਟੋ (CENTO) ਅਤੇ ਵਾਰਸਾ ਸੰਧੀ (Warsaw Pact) ਵਰਗੇ ਰਖਿਆ ਸੰਗਠਨ ਆਉਂਦੇ ਹਨ। ਦੂਜੀ ਕਿਸਮ ਦੇ ਸੰਗਠਨਾਂ ਦੀਆਂ ਗਤੀਵਿਧੀਆਂ ਕਾਫੀ ਵਿਸਥਾਰ ਵਾਲੀਆਂ ਹੁੰਦੀਆਂ ਹਨ। ਇਹ ਰਾਜਨੀਤਿਕ, ਆਰਥਿਕ, ਸਭਿਆਚਾਰਕ ਅਤੇ ਫੌਜੀ ਕਿਸਮ ਦੀਆਂ ਗਤੀਵਿਧੀਆਂ ਕਰਦੇ ਹਨ। ਇਨ੍ਹਾਂ ਦੀ ਉਦਾਹਰਣਾਂ ਅਮਰੀਕੀ ਰਾਜਾਂ ਦਾ ਸੰਗਠਨ (Organisation of American States), ਅਫਰੀਕੀ ਏਕਤਾ ਸੰਗਠਨ (Organisation of African Unity) ਅਤੇ ਅਰਬ ਲੀਗ (Arab League) ਹਨ। ਤੀਜੀ ਕਿਸਮ ਦੇ ਸੰਗਠਨਾਂ ਦਾ ਮਕਸਦ ਆਰਥਿਕ ਤਕਨੀਕੀ ਅਤੇ ਸਭਿਆਚਾਰਕ ਮਾਮਲਿਆਂ ਨੂੰ ਉਤਸ਼ਾਹ ਦੇਣਾ ਹੁੰਦਾ ਹੈ। ਇਸ ਦੀਆਂ ਉਦਾਹਰਣਾਂ ਯੂਰਪੀ ਆਰਥਿਕ ਭਾਈਚਾਰਾ (European Economic Community), ਦੱਖਣ ਪੂਰਬੀ ਏਸ਼ੀਆਈ ਐਸੋਸੀਏਸ਼ਨ (Association of South East Asian Nations) ਅਤੇ ਦੱਖਣੀ ਏਸ਼ੀਆ ਸਹਿਯੋਗ ਸੰਗਠਨ (South Asian Association for Regional Co-operation) ਹਨ। ਇਸ ਦਾ ਉਦੇਸ਼ ਸਮਾਜਿਕ, ਆਰਥਿਕ ਜਾਂ ਸਭਿਆਚਾਰਕ ਖੇਤਰ ਵਿਚ ਸਹਿਯੋਗ ਕਰਨਾ ਹੁੰਦਾ ਹੈ। ਪਰ ਇਹ ਫੌਜੀ ਖੇਤਰ ਵਿਚ ਆਦਾਨ ਪ੍ਰਦਾਨ ਨਹੀਂ ਕਰਦੇ। ਇਨ੍ਹਾਂ ਸੰਗਠਨਾਂ ਦੀ ਪਹੁੰਚ ਕਾਰਜਾਤਮਕ ਹੁੰਦੀ ਹੈ, ਜਿਹੜੀ ਕਿ ਖੇਤਰੀ ਪੱਧਰ ਤੇ ਆਰਥਿਕ, ਤਕਨੀਕੀ, ਸਮਾਜਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਅਸਰਦਾਰ ਹੁੰਦੀ ਹੈ ਅਜਿਹੇ ਸੰਗਠਨ ਭਾਵੇਂ ਸਿਧੇ ਤੌਰ ਤੇ ਸੁਰੱਖਿਆ ਸਮਝੌਤੇ ਨਹੀਂ ਹੁੰਦੇ ਪ੍ਰੰਤੂ ਉਨ੍ਹਾਂ ਦਾ ਆਪਸੀ ਰਾਜਨੀਤਿਕ, ਆਰਥਿਕ, ਸਭਿਆਚਾਰਕ ਅਤੇ ਤਕਨੀਕੀ ਸਹਿਯੋਗ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਸਮਰਥਾ ਨੂੰ ਵਧੇਰੇ ਸੁਯੋਗ ਬਨਾਉਣ ਵਿਚ ਸਹਾਇਤਾ ਕਰਦਾ ਹੈ। ਅਜਿਹਾ ਵਧੇਰੇ ਕਰਕੇ ਸੁਰੱਖਿਆ ਦੇ ਬਹੁਮੁੱਖੀ ਸਰੂਪ ਅਤੇ ਦਾਇਰੇ ਕਾਰਨ ਵਧੇਰੇ ਸੰਭਵ ਜਾਪਦਾ ਹੈ ਕਿਉਂਕਿ ਸੈਨਿਕ ਗਠਬੰਦੀਆਂ ਵਿਚ ਵੀ ਆਪਸੀ ਤਕਨੀਕੀ ਅਤੇ ਆਰਥਿਕ ਵਿਕਾਸ ਵਿਸ਼ੇਸ਼ ਦਿਲਚਸਪੀ ਦਾ ਸਥਾਨ ਰੱਖਦਾ ਹੈ। ਇਸ ਲਈ ਬਹੁਤ ਸਾਰੇ ਖੇਤਰੀ ਸਹਿਯੋਗ ਵਾਲੀਆਂ ਸੰਧੀਆਂ ਜਿਵੇਂ ASEAN, OAU, Arab League ਅਤੇ SAARC ਆਦਿ ਭਾਵੇਂ ਸਿਧੇ ਤੌਰ ਤੇ ਸੈਨਿਕ ਸੰਧੀਆਂ ਨਹੀਂ ਪ੍ਰੰਤੂ ਇਨ੍ਹਾਂ ਦੇ ਮੈਂਬਰ ਦੇਸ਼ਾਂ ਦੀਆਂ ਕੁਝ ਵਿਸ਼ੇਸ਼ ਮਸਲਿਆਂ ਪ੍ਰਤੀ ਇਕਸੁਰਤਾ ਕਾਰਣ ਉਨ੍ਹਾਂ ਦੇਸ਼ਾਂ ਪੈਸ਼ ਬਾਹਰੀ ਆਰਥਿਕ, ਸੈਨਿਕ ਅਤੇ ਰਾਜਨੀਤਿਕ ਦਬਾਓ ਦੇ ਵਿਰੁੱਧ ਇਕ ਸਾਂਝਾ ਫਰੰਟ ਕਾਇਮ ਕਰਨ ਦਾ ਉਦੇਸ਼ ਰੱਖਦੇ ਸਨ। ਇਨ੍ਹਾਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਜਿਹੇ ਖੇਤਰੀ ਸੰਗਠਨ ਦੀਆਂ ਵਿਚਾਰਧਾਰਕ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਕਰਨਾ ਕਾਫੀ ਲਾਹੇਵੰਦ ਸਿੱਧ ਹੋਵੇਗਾ।

**2. ਖੇਤਰੀ ਸੰਗਠਨ ਦੀਆਂ ਕੁਝ ਵਿਸ਼ੇਸ਼ਤਾਵਾਂ (Features of Regional Organisation)**: ਨਾਰਮਨ ਜੇ ਪੇਡਲਫਾਰਡ (Norman J. Padelford) ਨੇ ਆਪਣੇ ਖੋਜ ਪੱਤਰ, ਖੇਤਰੀ ਸੰਗਠਨਾਂ ਵਿਚ ਕੁਝ ਨਵੇਂ ਵਿਕਾਸ, (Recent developments in Regional Organisation) ਵਿਚ ਖੇਤਰੀ ਸੰਗਠਨ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਦੱਸੀਆਂ ਹਨ :

2.1. ਖੇਤਰੀ ਸੰਗਠਨ ਦਾ ਉਦੇਸ਼ ਇਸ ਦੇ ਮੈਂਬਰ ਦੇਸ਼ਾਂ ਵਿਚ ਮੱਤਭੇਦਾਂ ਦਾ ਨਿਪਟਾਰਾ ਕਰਨਾ ਹੁੰਦਾ ਹੈ।

2.2. ਉਹ ਆਜ਼ਾਦ ਸੰਸਥਾਵਾਂ ਨੂੰ ਮਦਦ ਦੇਣ ਦੀ ਕੋਸ਼ਿਸ਼ ਕਰਦੇ ਹਨ।

2.3. ਇਹ ਆਪਣੀ ਮਦਦ ਆਪ ਕਰਨ ਵੱਧਾਉਣ ਲਈ ਬਣਾਏ ਜਾਂਦੇ ਹਨ।

2.4. ਇਹ ਕਿਸੇ ਹੋਰ ਧਮਕੀ ਨੂੰ ਆਪਣੇ ਹੋਰ ਮੈਂਬਰ ਦੇਸ਼ਾਂ ਨਾਲ ਸਾਂਝੀ ਕਰਦੇ ਹਨ।

2.5. ਉਹ ਇਸ ਗੱਲ ਮੰਨਦੇ ਹਨ ਕਿ ਉਨ੍ਹਾਂ ਵਿਚੋਂ ਇਕ ਤੇ ਹਮਲਾ ਉਨ੍ਹਾਂ ਸਾਰਿਆਂ ਲਈ ਖਤਰਾ ਹੁੰਦਾ ਹੈ।

2.6. ਉਹ ਸੰਯੁਕਤ ਰਾਸ਼ਟਰ ਚਾਰਟਰ ਦੇ ਉਲੰਘਣ ਦੀ ਕਿਸੇ ਕਾਰਵਾਈ ਸਵੀਕਾਰ ਨਹੀਂ ਕਰਦੇ।

ਇਨ੍ਹਾਂ ਉਪਰੋਕਤ ਨੋਰਮਨ ਜੇ. ਪੇਡਲਫੋਰਡ ਦੀਆਂ ਦਿੱਤੀਆਂ ਵਿਸ਼ੇਸ਼ਤਾਵਾਂ ਤੋਂ ਬਿਨਾਂ ਖੇਤਰੀ ਸੰਗਠਨਾਂ ਦੀ ਕੁਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹੁੰਦੀਆਂ ਹਨ।

**2.6.1. ਭੂਗੋਲਿਕ ਹੋ ਵੀ ਸਕਦਾ ਹੈ ਨਹੀਂ ਵੀ (May or May not be Geographical)** : ਸੰਗਠਨ ਦਾ ਭੂਗੋਲਿਕ ਹੋਣਾ ਕੋਈ ਜ਼ਰੂਰੀ ਨਹੀਂ ਸੰਗਠਨ ਦਾ ਇਕ ਅਜਿਹੇ ਰਾਜਾਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਦੇ ਰਾਜਨੀਤਿਕ, ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸੁਰੱਖਿਆ ਦੇ ਹਿੱਤ ਸਾਂਝੇ ਹੋਣ। ਅਜਿਹੇ ਹਿੱਤਾਂ ਨੂੰ ਮੁੱਖ ਰੱਖ ਕੇ ਸੰਗਠਨ ਬਣਾਏ ਜਾਂਦੇ ਹਨ ਨਾ ਕਿ ਭੂਗੋਲਿਕ ਹਾਲਤਾਂ ਦੇਖ ਕੇ।

**2.6.2 ਖੇਤਰੀ ਸੰਗਠਨ ਵਿਚ ਕਈ ਦੇਸ਼ ਸ਼ਾਮਲ ਹੁੰਦੇ ਹਨ (A Regional arrangement involves Several States)** : ਇਕ ਖੇਤਰੀ ਸੰਗਠਨ ਵਿਚ ਕਈ ਦੇਸ਼ ਇਸਦੇ ਮੈਂਬਰ ਹੁੰਦੇ ਹਨ। ਉਨ੍ਹਾਂ ਦੀ ਮੈਂਬਰਸ਼ਿਪ ਦਾ ਕਾਰਨ ਉਸ ਖੇਤਰ ਵਿਚਲੇ ਦੇਸ਼ਾਂ ਦੇ ਨਾਲ ਆਪਸੀ ਹਿੱਤਾਂ ਦਾ ਮੇਲ ਖਾਣਾ ਹੁੰਦਾ ਹੈ। ਸੰਗਠਨ ਬਣਾ ਕੇ ਉਹ ਆਪਣੇ ਹਿੱਤਾਂ ਦੀ ਰੱਖਿਆ ਦੇ ਲਈ ਸਾਂਝੀ ਲੜਾਈ ਲੜਦੇ ਹਨ।

**2.6.3. ਹਰੇਕ ਖੇਤਰੀ ਸੰਗਠਨ ਦਾ ਮੁੱਢਲੇ ਤੌਰ ਤੇ ਸੈਨਿਕ ਹੋਣ ਜਾਂ ਨਾ ਹੋਣਾ ਕੋਈ ਜ਼ਰੂਰੀ ਨਹੀਂ ਹੈ (A Regional arrangement may or may not be primarily a military)** : ਖੇਤਰੀ ਸੰਗਠਨ ਦਾ ਸੈਨਿਕ ਹੋਣਾ ਕੋਈ ਜ਼ਰੂਰੀ ਨਹੀਂ ਹੈ। ਇਹ ਸੁਰੱਖਿਆ ਦੇ ਮਾਮਲੇ ਅਤੇ ਅੰਤਰ-ਰਾਸ਼ਟਰੀ ਸੰਬੰਧਾਂ ਦੇ ਦੂਸਰੇ ਖੇਤਰਾਂ ਸਾਹਮਣੇ ਰੱਖ ਕੇ ਵੀ ਸਥਾਪਿਤ ਕੀਤੇ ਜਾਂਦੇ ਹਨ। ਜੇ ਕੋਈ ਸੰਗਠਨ ਸੈਨਿਕ ਹੁੰਦਾ ਹੈ ਤਾਂ ਉਸ ਦੇ ਉਦੇਸ਼ਾਂ ਵਿਚ ਸੈਨਿਕ ਉਦੇਸ਼ਾਂ ਤੋਂ ਇਲਾਵਾ ਹੋਰ ਹਿੱਤ ਵੀ ਸ਼ਾਮਲ ਹੁੰਦੇ ਹਨ। ਨਾਟੋ (NATO) ਅਤੇ ਸੀਟੋ (SEATO) ਮੁੱਖ ਰੂਪ ਵਿਚ ਸੈਨਿਕ ਸੰਗਠਨ ਹਨ ਪਰ ਫਿਰ ਵੀ ਇਨ੍ਹਾਂ ਦਾ ਉਦੇਸ਼ ਮੈਂਬਰ ਦੇਸ਼ਾਂ ਵਿਚ ਕਈ ਕਿਸਮ ਦਾ ਸਹਿਯੋਗ ਕਰਾਉਂਦਾ ਹੈ।

**2.6.4. ਖੇਤਰੀ ਸੰਗਠਨ, ਖੇਤਰੀ ਸਮਝੌਤਿਆਂ ਅਤੇ ਸੰਧੀਆਂ ਵਿਚ ਬੜਾ ਘੱਟ ਅੰਤਰ ਹੁੰਦਾ ਹੈ (There exists a very subtle distinction between Regional arrangements and Regional Pacts or alliance)** : ਇਨ੍ਹਾਂ ਵਿਚੋਂ ਸਮਝੌਤਾ ਅਤੇ ਸੰਧੀ ਬੜੇ ਨੇੜੇ ਦੇ ਸ਼ਬਦ ਹਨ। ਇਕ ਖੇਤਰੀ ਪ੍ਰਬੰਧ ਖੇਤਰੀ ਸਮਝੌਤੇ ਤੋਂ ਬਿਲਕੁਲ ਅਲੱਗ ਹੁੰਦਾ ਹੈ। ਸਮਝੌਤਾ ਇਕ ਮੁਸ਼ਕਲ ਦੇ ਲਈ ਕੱਢਿਆ ਗਿਆ ਹਲ ਹੁੰਦਾ ਹੈ। ਖੇਤਰੀ ਪ੍ਰਬੰਧ ਯੋਗ ਉਦੇਸ਼ਾਂ ਵਾਲੇ ਇਕੋ ਹਿੱਤ ਵਾਲੇ ਦੇਸ਼ਾਂ ਦਾ ਸੰਗਠਨ ਹੁੰਦਾ ਹੈ। ਜਿਸ ਵਿਚ ਲੰਬੇ ਸਮੇਂ ਲਈ ਦੋ ਜਾਂ ਦੋ ਤੋਂ ਵੱਧ ਦੇਸ਼ਾਂ ਨੂੰ ਉਨ੍ਹਾਂ ਦੇ ਇਕੋ ਜਿਹੇ ਹਿਤਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਆਪਸ ਵਿਚ ਜੋੜੀ ਰੱਖਦਾ ਹੈ। ਇਸ ਸੰਬੰਧ ਵਿਚ ਪਾਮਰ ਅਤੇ ਪਰਕਿਨ ਲਿਖਦੇ ਹਨ ਕਿ "ਇਕ ਅਸਲੀ ਖੇਤਰੀ ਪ੍ਰਬੰਧ ਇਕ ਵਿਸਥਾਰ ਪੂਰਵਕ ਸੰਗਠਨ ਤੋਂ ਬਿਨਾਂ ਨਹੀਂ ਰਹਿ ਸਕਦਾ।"" (A real regional arrangement can not exist without fairly elaborate organisation"—Palmer and Perkins)

**3. ਖੇਤਰੀ ਪ੍ਰਬੰਧ ਅਤੇ ਸੰਯੁਕਤ ਰਾਸ਼ਟਰ ਸੰਘ ਦਾ ਚਾਰਟਰ (Regional arrangement and the U.N. Charter)** : ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਖੇਤਰੀ ਸ਼ਾਂਤੀ ਸੁਰੱਖਿਆ ਅਤੇ ਸਹਿਯੋਗ ਸਥਾਪਿਤ ਕਰਨ ਦੇ ਲਈ ਖੇਤਰੀ ਵਿਵਸਥਾ ਨੂੰ ਸਵੀਕਾਰ ਕੀਤਾ ਗਿਆ ਹੈ। ਸ਼ੁਰੂ ਸ਼ੁਰੂ ਵਿਚ ਜਦੋਂ ਸੰਯੁਕਤ ਰਾਸ਼ਟਰ ਸੰਘ ਦੇ ਵਿਚ ਖੇਤਰੀ ਵਿਵਸਥਾ ਨੂੰ ਸਵੀਕਾਰ ਕਰਨ ਦੇ ਬਾਰੇ ਬਹਿਸ ਚਲ ਰਹੀ ਸੀ ਤਾਂ ਕੁਝ ਵਿਦਵਾਨਾਂ ਨੇ ਇਸ ਬਾਰੇ ਸ਼ੱਕ ਪ੍ਰਗਟ ਕੀਤਾ ਸੀ। ਉਨ੍ਹਾਂ ਨੂੰ ਡਰ ਸੀ ਕਿ ਖੇਤਰੀ ਵਿਵਸਥਾਵਾਂ ਅਤੇ ਸੰਧੀਆਂ ਹਾਨੀਕਾਰਕ ਹੋਣਗੀਆਂ ਕਿਉਂਕਿ ਇਹ ਰਾਸ਼ਟਰਾਂ ਵਿਚ ਵਿਰੋਧੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਨਗੀਆਂ।

ਅਮਰੀਕੀ ਰਾਜਾਂ, ਫਰਾਂਸ, ਅਰਬ ਲੀਗ, ਰੂਸ ਅਤੇ ਕਈ ਦੂਸਰੇ ਰਾਸ਼ਟਰਾਂ ਦੁਆਰਾ ਦਬਾਅ ਪਾਉਣ ਕਰਕੇ ਹੀ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਇਹਨਾਂ ਖੇਤਰੀ ਪ੍ਰਬੰਧਾਂ ਨੂੰ ਮਾਨਤਾ ਦਿੱਤੀ ਸੀ। ਸੰਯੁਕਤ ਰਾਸ਼ਟਰ ਦੇ ਅੱਠਵੇਂ ਅਧਿਆਏ ਵਿਚ ਖੇਤਰੀ ਵਿਵਸਥਾਵਾਂ ਬਾਰੇ ਲਿਖਿਆ ਗਿਆ ਹੈ। ਚਾਰਟਰ ਦੇ ਅਨੁਛੇਦ 52 ਵਿਚ ਸਪਸ਼ਟ ਲਿਖਿਆ ਹੈ। ਖੇਤਰੀ ਵਿਵਸਥਾ ਜਾਂ ਪ੍ਰਬੰਧ ਉਨ੍ਹਾਂ ਮਾਮਲਿਆਂ ਨਾਲ ਸਬੰਧਿਤ ਹੁੰਦਾ ਹੈ ਜੋ ਅੰਤਰ ਰਾਸ਼ਟਰੀ ਮਾਮਲਿਆਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਜੋ ਅੰਤਰ-ਰਾਸ਼ਟਰ ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਦੇ ਲਈ ਕਾਰਵਾਈ ਦੇ ਲਈ ਉੱਚਿਤ ਹੁੰਦੇ ਹਨ। ਪਰ ਸ਼ਰਤ ਇਹ ਹੈ ਕਿ ਉਹ ਏਜੰਸੀਆਂ ਅਤੇ ਖੇਤਰੀ ਵਿਵਸਥਾਵਾਂ ਦੀ ਕਾਰਵਾਈ ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਅਤੇ ਸਿਧਾਂਤਾਂ ਦੇ ਅਨੁਕੂਲ ਹੋਵੇ। ਇਸ ਅਨੁਛੇਦ ਵਿਚ ਅੱਗੇ ਇਸ ਸਿਧਾਂਤ ਨੂੰ ਵੀ ਸਵੀਕਾਰ ਕੀਤਾ ਗਿਆ ਹੈ ਕਿ ਖੇਤਰੀ ਵਿਵਸਥਾ ਦੇ ਮੈਂਬਰ ਦੇਸ਼ ਇਨ੍ਹਾਂ ਖੇਤਰੀ ਪ੍ਰਬੰਧਾਂ ਦੁਆਰਾ ਸਥਾਨਿਕ ਝਗੜਿਆਂ ਦਾ ਸ਼ਾਂਤੀਪੂਰਨ ਨਿਪਟਾਰਾ ਕਰਨਗੇ। ਸੁਰੱਖਿਆ ਪਰੀਸ਼ਦ ਨੂੰ ਖੇਤਰੀ ਏਜੰਸੀਆਂ ਦੁਆਰਾ ਨਿਪਟਾਰਾ ਕਰਾਉਣ ਦਾ ਨਿਰਦੇਸ਼ ਮਿਲਿਆ ਹੋਇਆ

ਹੈ। ਪਰ ਇਨ੍ਹਾਂ ਝਗੜਿਆਂ ਨੂੰ ਹੱਲ ਕਰਵਾਉਣ ਦੀਆਂ ਸੀਮਾਵਾਂ ਨਿਸ਼ਚਿਤ ਨਹੀਂ ਕੀਤੀਆਂ ਗਈਆਂ ਹਨ। ਅਨੁਛੇਦ 53 ਅਤੇ 54 ਵਿਚ ਸੁਰੱਖਿਆ ਪਰੀਸ਼ਦ ਦੀ ਸ਼ਾਂਤੀ ਬਣਾਈ ਰੱਖਣ ਵਾਲੀ ਭੂਮਿਕਾ ਅਤੇ ਖੇਤਰੀ ਏਜੰਸੀਆਂ ਦੇ ਸੰਬੰਧਾਂ ਬਾਰੇ ਸਪਸ਼ਟ ਕੀਤਾ ਗਿਆ ਹੈ। ਅਨੁਛੇਦ 53 ਵਿਚ ਲਿਖਿਆ ਗਿਆ ਹੈ ਕਿ ਸੁਰੱਖਿਆ ਪਰੀਸ਼ਦ ਜਿਥੇ ਵੀ ਉਚਿਤ ਹੋਵੇਗਾ ਉਥੇ ਖੇਤਰੀ ਵਿਵਸਥਾਵਾਂ ਅਤੇ ਖੇਤਰੀ ਏਜੰਸੀਆਂ ਨੂੰ ਆਪਣੇ ਅਧਿਕਾਰ ਦੇ ਅਧੀਨ ਕਾਰਵਾਈ ਕਰਨ ਦੇ ਲਈ ਪ੍ਰਯੋਗ ਕਰ ਸਕਦੀ ਹੈ। ਅਨੁਛੇਦ 54 ਵਿਚ ਲਿਖਿਆ ਗਿਆ ਹੈ ਕਿ ਕਿਸੇ ਵੀ ਖੇਤਰੀ ਪ੍ਰਬੰਧ ਜਾਂ ਏਜੰਸੀਆਂ ਨੂੰ ਝਗੜਿਆਂ ਸੰਬੰਧੀ ਕੀਤੀ ਜਾਣ ਵਾਲੀ ਕਾਰਵਾਈ ਦੀ ਸੁਰੱਖਿਆ ਪਰੀਸ਼ਦ ਨੂੰ ਪੂਰਨ ਰੂਪ ਵਿਚ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸੱਤਵੇਂ ਅਧਿਆਇ ਦੇ ਅਨੁਛੇਦ 51 ਵਿਚ ਹਰੇਕ ਮੈਂਬਰ ਨੂੰ ਆਪਣੀ ਅਤੇ ਸਮੂਹਿਕ ਆਤਮ ਰੱਖਿਆ ਦੇ ਅਧਿਕਾਰ ਨੂੰ ਮੰਨਿਆ ਗਿਆ ਹੈ। ਇਸ ਕਿਸਮ ਦੀ ਕਾਰਵਾਈ ਦੇ ਲਈ ਵੀ ਸੁਰੱਖਿਆ ਪ੍ਰੀਸ਼ਦ ਦੀ ਆਗਿਆ ਲੈਣ ਦੀ ਲੋੜ ਨਹੀਂ ਹੈ।

## 4. ਦੱਖਣ ਏਸ਼ੀਆਈ ਖੇਤਰੀ ਸਹਿਯੋਗ ਲਈ ਐਸੋਸੀਏਸ਼ਨ (South Asian Association for Regional Cooperation)

ਸਾਰਕ ਦੇ ਵਿਸਥਾਰ ਪੂਰਵਕ ਅਧਿਐਨ ਤੋਂ ਪਹਿਲਾਂ ਦੱਖਣ ਏਸ਼ੀਆ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ ਭੂਗੋਲਿਕ ਤੌਰ ਤੇ ਦੱਖਣ ਏਸ਼ੀਆ ਵਿਚ ਸੱਤ ਦੇਸ਼ ਹਨ। 2007 ਦੇ ਸੰਮੇਲਨ ਵਿਚ ਅਫਗਾਨੀਸਤਾਨ ਨੂੰ ਵੀ ਸਾਰਕ ਦਾ ਮੈਂਬਰ ਬਣਾਇਆ ਗਿਆ ਹੈ ਜਿਸ ਨਾਲ ਇਹ ਸੰਖਿਆ ਵੱਧ ਕੇ 8 ਹੋ ਗਈ ਹੈ। ਇਹ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਭੂਟਾਨ, ਨੇਪਾਲ, ਮਾਲਦੀਵ ਅਤੇ ਸ੍ਰੀ ਲੰਕਾ ਹਨ। ਇਹ ਸਾਰੇ ਇਕ ਅਲੱਗ ਖੇਤਰ ਬਣਾਉਂਦੇ ਹਨ। ਸਾਰੇ ਹੀ ਤਪਤਖੰਡੀ (Tropical) ਮਾਨਸੂਨ ਦੇਸ਼ ਹਨ। ਇਹ ਦੇਸ਼ ਸਿਰਫ ਭੂਗੋਲਿਕ ਤੌਰ ਤੇ ਇਕੱਠੇ ਨਹੀਂ ਬਲਕਿ ਇਨ੍ਹਾਂ ਦਾ ਇਤਿਹਾਸ, ਧਾਰਮਿਕ ਰਵਾਇਤਾਂ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਕਾਫੀ ਹੱਦ ਤਕ ਮਿਲਦੀਆਂ ਜੁਲਦੀਆਂ ਹਨ। ਇਸ ਖੇਤਰ ਦੇ ਮੁੱਖ ਧਰਮ ਹਿੰਦੂ, ਇਸਲਾਮ, ਬੁੱਧ ਧਰਮ ਹਨ ਅਤੇ ਜਿਹਨਾਂ ਨੇ ਸਮਾਜਿਕ ਸੰਗਠਨਾਂ ਨੇ ਕਾਫੀ ਪ੍ਰਭਾਵਿਤ ਕੀਤਾ ਹੈ।

ਇਤਿਹਾਸਕ ਤੌਰ ਤੇ ਇਹ ਸਾਰਾ ਖੇਤਰ ਬਰਤਾਨਵੀ ਬਸਤੀਵਾਦ ਦੇ ਅਧੀਨ ਰਿਹਾ ਹੈ। ਇਸ ਤੱਤ ਨੇ ਵੀ ਦੱਖਣ ਏਸ਼ੀਆ ਨੂੰ ਸਾਂਝੇ ਰਾਜਨੀਤਿਕ, ਸੰਵਿਧਾਨਿਕ ਅਤੇ ਪ੍ਰਬੰਧਕੀ ਢਾਂਚੇ ਵਲ ਪ੍ਰੇਰਿਆ ਹੈ। ਮੁਸ਼ਕਲਾਂ ਦੀ ਇਕਸੁਰਤਾ ਵੀ ਦੱਖਣ ਏਸ਼ੀਆ ਦਾ ਇਕ ਹੋਰ ਮਹੱਤਵਪੂਰਨ ਤੱਤ ਹੈ। ਇਹ ਦੇਸ਼ ਵਿਚ ਘੱਟ ਆਮਦਨ, ਗਰੀਬੀ, ਘਟੀਆ ਖੁਰਾਕ, ਵੱਧ ਜਨ-ਸੰਖਿਆ ਖੇਤੀ ਤੇ ਲੋੜ ਤੋਂ ਜ਼ਿਆਦਾ ਨਿਰਭਰਤਾ, ਬੇਰੁਜ਼ਗਾਰੀ, ਅਸਮਤੋਲ ਵਪਾਰ ਆਮਦਨ ਦਾ ਵੱਧ ਘੱਟ ਹੋਣਾ ਆਦਿ ਸਾਂਝੀਆਂ ਮੁਸ਼ਕਲਾਂ ਹਨ। ਇਨ੍ਹਾਂ ਵਿਚ ਇਕ ਹਰ ਇਕਸਾਰਤਾ ਇਹ ਹੈ ਕਿ ਦੱਖਣ ਏਸ਼ੀਆਂ ਦੇ ਸਾਰੇ ਦੇਸ਼ ਜੀ. ਐਨ. ਪੀ. (G.N.P.) ਦੇ ਪੱਖੋਂ ਬੜੇ ਘੱਟ ਉੱਨਤ ਦੇਸ਼ ਹਨ। ਇਨ੍ਹਾਂ ਦਾ ਮੁੱਖ ਆਮਦਨ ਦਾ ਸਾਧਨ ਖੇਤੀਬਾੜੀ ਹੈ। ਜ਼ਿਆਦਾ ਲੋਕ ਸਿਰਫ ਮੁਢਲੀਆਂ ਲੋੜਾਂ ਤੇ ਨਿਰਭਰ ਕਰਦੇ ਹਨ। ਉਦਯੋਗਾਂ ਦੇ ਪੱਖ ਤੋਂ ਵੀ ਇਹ ਦੇਸ਼ ਜ਼ਿਆਦਾ ਵਿਕਸਤ ਨਹੀਂ ਹਨ, ਪਰ ਭਾਰਤ ਦੀ ਹਾਲਤ ਕੁਝ ਵੱਖਰੀ ਹੈ, ਕਿਉਂਕਿ ਇਨ੍ਹਾਂ ਕੋਲ ਆਧੁਨਿਕ ਤਕਨੀਕੀ ਅਤੇ ਸਾਜੋ ਸਮਾਨ ਦੀ ਕਮੀ ਹੈ।

ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਦੱਖਣ ਏਸ਼ੀਆ ਸਹਿਯੋਗ ਦਾ ਸੰਕਲਪ ਨਵਾਂ ਹੀ ਹੋਂਦ ਵਿਚ ਆਇਆ ਹੈ ਇਹ ਕਾਰਜਾਤਮਕ ਪਹੁੰਚ (Functionalist approach) ਤੇ ਆਧਾਰਿਤ ਹੈ। ਇਹ ਸੋਚ ਬੰਗਲਾ ਦੇਸ਼ ਦੇ ਰਾਸ਼ਟਰਪਤੀ ਜ਼ਿਆ-ਉਰ-ਰਹਿਮਾਨ ਨੇ 1980 ਦੇ ਵਿਚ ਰੱਖੀ। ਇਸ ਵੇਲੇ ਦੱਖਣ ਏਸ਼ੀਆਂ ਦੇਸ਼ ਕਈ ਸਾਂਝੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ ਜਿਵੇਂ ਕਿ ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਆਦਿ। ਉਸ ਨੇ ਖੇਤਰੀ ਸਹਿਯੋਗ ਨੂੰ ਦੱਖਣ ਏਸ਼ੀਆ ਦੀ ਦ੍ਰਿਸ਼ਟੀ ਤੋਂ ਸੋਚਿਆ ਕਿ ਕਿਉਂ ਨਾ ਇਸ ਖੇਤਰ ਦੇ ਦੇਸ਼ ਆਪਣੀਆਂ ਮੁਸ਼ਕਲਾਂ ਆਪਸੀ ਸਹਿਯੋਗ ਦੇ ਆਧਾਰ ਤੇ ਹੱਲ ਕਰਨ। ਇਸ ਤਰ੍ਹਾਂ ਦੀ ਸੋਚ ਦੇ ਨਾਲ ਦੱਖਣ ਏਸ਼ੀਆਈ ਸਹਿਯੋਗ ਲਈ ਹੇਠ ਲਿਖੇ ਉਦੇਸ਼ ਅਤੇ ਨਿਸ਼ਾਨੇ ਉਭਰ ਕੇ ਸਾਹਮਣੇ ਆਏ, ਉਹ ਸਨ :

4.1 ਦੱਖਣ ਏਸ਼ੀਆ ਖੇਤਰ ਉਪਰ ਸਾਂਝੀ ਨਿਰਭਰਤਾ ਨੂੰ ਵਧਾਉਣਾ ਅਤੇ ਮਜ਼ਬੂਤ ਕਰਨਾ।

4.2 ਇਸ ਖੇਤਰ ਵਿਚ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤਰੱਕੀ ਦੀ ਗਤੀ ਤੇਜ਼ ਕਰਨੀ ਅਤੇ ਹਰੇਕ ਦੇਸ਼ ਨੂੰ ਗੌਰਵ ਨਾਲ ਰਹਿਣ ਦਾ ਅਵਸਰ ਪ੍ਰਾਪਤ ਕਰਵਾਉਣਾ।

4.3 ਆਪਸੀ ਭਰੋਸੇ, ਆਪਸੀ ਸਮਝਦਾਰੀ ਅਤੇ ਆਰਥਿਕਤਾ ਬਾਰੇ ਹਮਦਰਦੀ ਨਾਲ ਸੋਚਣਾ।

4.4 ਇਕਸਾਰਤਾ, ਖੇਤਰੀ ਏਕਤਾ, ਨਾ-ਦਖਲ ਅੰਦਾਜ਼ੀ ਅਤੇ ਆਪਸੀ ਫਾਇਦੇ ਦੇ ਸਿਧਾਂਤਾਂ ਦੀ ਕਦਰ ਕਰਨੀ।

ਬੰਗਲਾ ਦੇਸ਼ ਦੇ ਭੂਤਪੂਰਵ ਪ੍ਰਧਾਨ ਜ਼ਿਆ-ਉਰ-ਰਹਿਮਾਨ ਨੇ ਦੱਖਣ ਏਸ਼ੀਆ ਦੇਸ਼ਾਂ ਪਾਕਿਸਤਾਨ, ਭਾਰਤ, ਨੇਪਾਲ, ਸ੍ਰੀ ਲੰਕਾ, ਭੂਟਾਨ ਅਤੇ ਮਾਲਦੀਪ ਦੀ ਯਾਤਰਾ ਕਰਕੇ ਇਨ੍ਹਾਂ ਦੇਸ਼ਾਂ ਦੇ ਨੇਤਾਵਾਂ ਨਾਲ ਮੁਸ਼ਕਲਾਂ ਬਾਰੇ ਗੱਲਬਾਤ ਸਾਂਝੀ ਕਰਕੇ ਖੇਤਰੀ ਪੱਧਰ ਤੇ ਆਪਸੀ ਸਹਿਯੋਗ ਦੇ ਆਧਾਰ ਤੇ ਹੱਲ ਕਰਨ ਦੀ ਰੂਪ-ਰੇਖਾ ਤਿਆਰ ਕੀਤੀ। ਇਸ ਤੋਂ ਬਾਅਦ ਜ਼ਿਆ-ਉਰ-ਰਹਿਮਾਨ ਨੇ ਇਕ ਖਾਸ ਦੂਤ ਨੂੰ ਇਕ ਪੱਤਰ ਦੇ ਕੇ ਇਨ੍ਹਾਂ ਛੇ ਦੇਸ਼ਾਂ ਦੇ ਨੇਤਾਵਾਂ ਨੂੰ ਭੇਜਿਆ। ਜਿਸ ਵਿਚ ਜ਼ਿਆ-ਉਰ-ਰਹਿਮਾਨ ਨੇ ਕਿਹਾ ਕਿ ਦੱਖਣ ਏਸ਼ੀਆ ਦੇ ਦੇਸ਼ ਕਿੰਨੀਆਂ ਹੀ ਕਦਰਾਂ ਕੀਮਤਾਂ ਸਾਂਝੀਆਂ ਕਰਦੇ ਹਨ ਜਿਹੜੀਆਂ ਕਿ ਉਨ੍ਹਾਂ ਦੇ ਸਮਾਜਿਕ, ਨਸਲੀ, ਸਭਿਆਚਾਰਕ ਅਤੇ ਇਤਿਹਾਸਕ ਪਰੰਪਰਾ ਵਿਚ ਮਿਲਦੀਆਂ ਹਨ। ਉਸਨੇ ਨਾਲ ਇਹ ਵੀ ਕਿਹਾ ਕਿ ਸੰਸਾਰ ਦੀ ਰਾਜਨੀਤਿਕ ਹਾਲਤਾਂ ਨੂੰ ਦੇਖਦੇ ਹੋਏ ਦੱਖਣ ਏਸੀਆ ਦੇ ਦੇਸ਼ਾਂ ਨੂੰ ਖੇਤਰੀ ਪੱਧਰ ਤੇ ਸਹਿਯੋਗ ਕਰਨਾ ਚਾਹੀਦਾ ਹੈ।

ਇਸ ਪੱਤਰ ਵਿਚ ਜ਼ਿਆ-ਉਰ-ਰਹਿਮਾਨ ਖੇਤਰੀ ਉਦਯੋਗ ਦੀ ਇੱਛਾ ਪ੍ਰਗਟ ਕੀਤੀ ਜਿਹੜਾ ਗੈਰ ਰਾਜਨੀਤਿਕ ਖੇਤਰਾਂ ਦੇ ਵਿਚ ਹੋਵੇ। ਉਸਨੇ ਇਹ ਗੱਲ ਬੜੀ ਸਾਫ ਕੀਤੀ ਇਸ ਸਹਿਯੋਗ ਦੀ ਗਿਣਤੀ ਇਕ ਮਿਲਟਰੀ ਬਲਾਕ ਜਾਂ ਗੱਠਜੋੜ ਤੌਰ ਤੇ ਨਹੀਂ ਕੀਤੀ ਜਾਣੀ ਚਾਹੀਦੀ। ਉਸ ਦਾ ਵਿਚਾਰ ਇਹ ਸੀ ਕਿ ਦੱਖਣ ਏਸ਼ੀਆ ਦੇ ਤਰੱਕੀ ਕਰ ਰਹੇ ਦੇਸ਼ ਜਿਨ੍ਹਾਂ ਦੀਆਂ ਗਰੀਬੀ, ਬੇਰੁਜ਼ਗਾਰੀ, ਘੱਟ ਪ੍ਰਤੀ ਵਿਅਕਤੀ ਆਮਦਨ ਆਦਿ, ਸਾਂਝੀਆਂ ਮੁਸ਼ਕਲਾਂ ਨੂੰ ਖੇਤਰੀ ਪੱਧਰ ਤੇ ਹੱਲ ਕਰਨ ਲਈ ਸਹਿਮਤੀ ਪ੍ਰਗਟ ਕਰਨੀ ਚਾਹੀਦੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਨੂੰ ਅਸਲੀਅਤ ਵਿਚ ਬਦਲਣ ਲਈ ਖੇਤਰੀ ਦੇਸ਼ਾਂ ਨੇ ਇਸ ਖੇਤਰ ਵਿਚ ਸੰਸਥਾਤਮਕ (institutional) ਪ੍ਰਬੰਧ ਕਰਨ ਦਾ ਵਿਚਾਰ ਦਿੱਤਾ ਜਿਸ ਨਾਲ ਕਿ ਸਮਾਜਿਕ ਸਿਖਿਆ, ਸਭਿਆਚਾਰਕ, ਸਾਇੰਸ ਤੇ ਤਕਨੀਕ ਖੇਤਰਾਂ ਵਿਚ ਆਪਸੀ ਪ੍ਰਭਾਵ ਪਵੇਗਾ। ਇਸ ਨੂੰ ਠੋਸ ਰੂਪ ਦੇਣ ਦੇ ਲਈ ਇਕ ਸ਼ਿਖਰ ਵਾਰਤਾ ਰਖੀ ਗਈ ਜਿਸ ਵਿਚ ਦੱਖਣ ਏਸ਼ੀਆ ਦੇ ਦੇਸ਼ਾਂ ਦੀਆਂ ਮੁਸ਼ਕਲਾਂ ਨੂੰ ਖੇਤਰੀ ਸਹਿਯੋਗ ਦੁਆਰਾ ਹੱਲ ਕਰਨ ਦੀ ਇਕ ਤਰਕਸ਼ੀਲ ਲੋੜ ਮਹਿਸੂਸ ਕੀਤੀ ਗਈ।

ਦੱਖਣ ਏਸ਼ੀਆ ਵਿਚ ਖੇਤਰੀ ਸਹਿਯੋਗ ਲਈ ਇਨ੍ਹਾਂ ਦੇਸ਼ਾਂ ਵਿਚ ਭਰੋਸੇ ਦਾ ਵਾਤਾਵਰਨ ਅਤੇ ਵੱਡੀ ਪੱਧਰ ਤੇ ਰਾਜਨੀਤਿਕ ਸਹਿਮਤੀ ਪੈਦਾ ਕਰਨ ਦੀ ਦਲੀਲ ਤੇ ਵੀ ਜ਼ੋਰ ਦਿੱਤਾ ਗਿਆ ਇਸ ਨਾਲ ਮੋਟੇ ਤੌਰ ਤੇ ਗਿਆਰਾਂ ਪ੍ਰਮੁੱਖ ਖੇਤਰਾਂ ਵਿਚ ਸਹਿਯੋਗ ਦੇ ਆਸਾਰ ਪੈਦਾ ਕਰਨ ਦਾ ਟੀਚਾ ਮਿਥਿਆ ਗਿਆ ਜਿਨ੍ਹਾਂ ਵਿਚ ਦੂਰ ਸੰਚਾਰ, ਮੌਸਮ, ਢੋਆ-ਢੁਆਈ, ਜਹਾਜ਼ਰਾਨੀ, ਸੈਰ-ਸਪਾਟਾ, ਖੇਤੀਬਾੜੀ, ਖੋਜ, ਸਾਂਝੇ ਸੁਰੱਖਿਆ ਖਤਰੇ, ਮਾਰਕੀਟ ਵਿਚ ਵਾਧਾ, ਵਿਗਿਆਨ ਅਤੇ ਤਕਨੀਕੀ ਸਿਖਿਆ ਆਦਿ ਬਾਰੇ ਅਦਾਨ ਪ੍ਰਦਾਨ ਕਰਨ ਦੇ ਨਾਲ ਲੋੜ ਅਤੇ ਸਮਰਥਾ ਅਨੁਸਾਰ ਆਪਸੀ ਸਹਿਯੋਗ ਦਾ ਵਿਚਾਰ ਵੀ ਪੇਸ਼ ਕੀਤਾ ਗਿਆ।

**5. ਸਾਰਕ ਦਾ ਕਾਰਜਕਾਰੀ ਪੱਤਰ (Working Paper on SAARC)**

ਦੱਖਣ ਏਸ਼ੀਆਈ ਵਿਚ ਖੇਤਰੀ ਸੰਗਠਨ ਬਨਾਉਣ ਲਈ ਇਸ ਬਾਰੇ ਕਾਰਜਕਾਰੀ ਪੱਤਰ ਦਾ ਵਿਚਾਰ ਕਾਫੀ ਆਸ਼ਾਵਾਦੀ ਸੀ ਜਿਹੜਾ ਕਿ ਸਾਰੇ ਖੇਤਰੀ ਦੇਸ਼ਾਂ ਦੇ ਸਾਂਝੇ ਪ੍ਰਯਤਨਾਂ ਦੁਆਰਾ ਤਿਆਰ ਕੀਤਾ ਗਿਆ ਸੀ। ਇਸ ਦੁਆਰਾ ਇਸ ਸਹਿਯੋਗ ਸੰਸਥਾ ਲਈ ਮੁੱਖ ਚਾਰ ਪ੍ਰਸਤਾਵਿਤ ਨਾਮ ਵੀ ਦਿੱਤੇ ਜਿਹੜੇ ਕਿ ਦੱਖਣ ਏਸ਼ੀਆ ਖੇਤਰੀ ਸਹਿਯੋਗ ਦਾ ਪ੍ਰਗਟਾਵਾ ਕਰਦੇ ਸਨ। ਉਹ ਹੇਠ ਲਿਖੇ ਸਨ :

5.1. ਦੱਖਣ ਏਸ਼ੀਆ ਸਹਿਯੋਗ ਐਸੋਸੀਏਸ਼ਨ (South Asian Association for Co-operation—SAARC)।

5.2. ਦੱਖਣ ਏਸ਼ੀਆ ਐਸੋਸੀਏਸ਼ਨ (Association of South Asia—ASA)।

5.3. ਦੱਖਣ ਏਸ਼ੀਆ ਸਹਿਯੋਗ ਲਈ ਐਸੋਸੀਏਸ਼ਨ (Association of South Asia for Co-operation—ASAC)।

5.4. ਦੱਖਣ ਏਸ਼ੀਆ ਰਾਜਾਂ ਦਾ ਸੰਗਠਨ (Organisation of South Asian States—OSAS)।

ਦੱਖਣ ਏਸ਼ੀਆਈ ਦੇਸ਼ਾਂ ਵਲੋਂ ਖੇਤਰੀ ਸਹਿਯੋਗ ਦੀ ਪੇਸ਼ਕਸ਼ ਨੂੰ ਭਰਵਾਂ ਹੁੰਗਾਰਾ ਮਿਲਿਆ। ਭਾਵੇਂ ਇਸ ਪੇਸ਼ਕਸ਼ ਦਾ ਕੁਝ ਖਾਸ ਤੌਰ ਤੇ ਪਾਕਿਸਤਾਨ ਨੇ ਕੋਈ ਖਾਸ ਹੁੰਗਾਰਾ ਨਾ ਭਰਿਆ ਕਿਉਂਕਿ ਪਾਕਿਸਤਾਨੀ ਨੇਤਾਵਾਂ ਨੂੰ ਇਹ ਸ਼ੱਕ ਸੀ ਕਿ ਭਾਰਤ ਦੱਖਣ ਏ ਸ਼ੀਆਈ ਸੰਗਠਨ ਤੇ ਚੌਧਰ ਵਾਲਾ ਰਵੱਈਆ ਅਪਣਾਏਗਾ ਜਿਸ ਨਾਲ ਇਸ ਵਿਚ ਬਾਕੀ ਛੋਟੇ ਦੇਸ਼ਾਂ ਦੀ ਆਵਾਜ਼ ਦਬਾਈ ਜਾਂਦੀ ਰਹੇ ਗੀ। ਇਸ ਤੋਂ ਉਲਟ ਸ੍ਰੀ ਲੰਕਾ ਨੇ ਇਸ ਪ੍ਰਸਤਾਵ ਦਾ ਭਰਵਾਂ ਸੁਆਗਤ ਕੀਤਾ ਅਤੇ ਇਸ ਪੇਸ਼ਕਸ਼ ਅਮਲੀ ਰੂਪ ਦੇਣ ਦੇ ਲਈ ਸਕੱਤਰ ਪੱਧਰ ਦੀ ਮੀਟਿੰਗ ਬੁਲਾਉਣ ਲਈ ਵੀ ਕਿਹਾ।

**6. ਕੋਲੰਬੋ ਦੀ ਵਿਦੇਸ਼ ਸਕੱਤਰਾਂ ਦੀ ਮੀਟਿੰਗ, 21-23 ਅਪ੍ਰੈਲ, 1981 (Colombo meeting of Foreign Secretaries, 21-23 April, 1981)** : ਇਸ ਦੇ ਸੰਬੰਧ ਵਿਚ ਦੱਖਣ ਏਸ਼ੀਆਈ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦੀ ਮੀਟਿੰਗ 21-23 ਅਪ੍ਰੈਲ, 1981 ਦੇ ਵਿਚ ਕੋਲੰਬੋ ਵਿਚ ਹੋਈ। ਇਸ ਵਿਚ ਵਿਦੇਸ਼ ਸਕੱਤਰਾਂ ਨੇ ਵਿਗਿਆਨ, ਤਕਨੀਕੀ, ਆਪਸੀ ਪੂੰਜੀ ਲਗਾਉਣਾ ਅਤੇ ਮਨੁੱਖੀ ਸਾਧਨਾਂ ਦੇ ਸੁਧਾਰ ਦੇ ਖੇਤਰ ਵਿਚ ਸਹਿਯੋਗ ਕਰਨ ਦਾ ਫੈਸਲਾ ਕੀਤਾ। ਵਿਦੇਸ਼ ਸਕੱਤਰਾਂ ਨੇ ਆਰਥਿਕਤਾ ਤੇ ਜ਼ੋਰ ਦਿੱਤਾ। ਇਸ ਮੀਟਿੰਗ ਵਿਚ ਬੰਗਲਾ ਦੇਸ਼ ਦੁਆਰਾ ਪੇਸ਼ ਕੀਤੇ ਗਏ ਸਹਿਯੋਗ ਦੇ ਗਿਆਰਾਂ ਖੇਤਰਾਂ ਵਿਚੋਂ ਸ਼ੁਰੂ ਵਿਚ ਸਿਰਫ ਪੰਜ ਖੇਤਰਾਂ ਨੂੰ ਸਹਿਯੋਗ ਕਰਨ ਲਈ ਚੁਣਿਆ ਗਿਆ ਉਹ ਸਨ, ਖੇਤੀ-ਬਾੜੀ, ਪੇਂਡੂ ਵਿਕਾਸ, ਸੰਚਾਰ, ਮੌਸਮ ਵਿਗਿਆਨ ਅਤੇ ਆਬਾਦੀ ਸਨ। ਇਸ ਤੋਂ ਬਿਨਾਂ ਰਹਿੰਦੇ ਖੇਤਰਾਂ ਤੇ ਵੀ ਗੱਲਬਾਤ ਹੋਈ ਜਿਹੜੇ ਕਿ ਸਾਰਕ ਦੇ ਕਾਰਜਕਾਰੀ ਪੱਧਰ ਵਿਚ ਦਿੱਤੇ ਗਏ ਸਨ। ਇਸ ਮੀਟਿੰਗ ਵਿਚ ਸਿਧਾਂਤਕ ਤੌਰ ਤੇ ਸਾਰੇ ਦੇਸ਼ ਖੇਤਰੀ ਸਹਿਯੋਗ ਲਈ ਸਹਿਮਤ ਹੋ ਗਏ ਕਿਉਂਕਿ ਇਹ ਸਹਿਯੋਗ ਜ਼ਰੂਰੀ ਵੀ ਸੀ ਅਤੇ ਫਾਇਦੇ ਵਾਲਾ ਵੀ ਸੀ। ਇਸ ਤਰ੍ਹਾਂ ਬੰਗਲਾ ਦੇਸ਼ ਦੁਆਰਾ ਦਿੱਤੀ ਗਈ ਪੇਸ਼ਕਸ਼ ਸਾਰੇ ਦੇਸ਼ਾਂ ਵਲੋਂ ਮਨਜ਼ੂਰ ਕਰ ਲਈ ਗਈ। ਇਸ ਦੇ ਨਾਲ ਸਾਰਿਆਂ ਦੋ ਪੱਖੀ ਅਤੇ ਬਹੁਪੱਖੀ ਸਮਝੌਤਿਆਂ ਦੇ ਆਧਾਰ ਤੇ ਮੁਸ਼ਕਲਾਂ ਹੱਲ ਕਰਨ ਦੇ ਤਰੀਕੇ ਨੂੰ ਠੀਕ ਮੰਨਿਆ ਗਿਆ। ਇਸ ਮੀਟਿੰਗ ਵਿਚ ਇਹ ਐਲਾਨ ਵੀ ਕੀਤਾ ਗਿਆ ਕਿ ਅਗਲੀ ਦੱਖਣ ਏਸ਼ੀਆ ਦੇ ਵਿਦੇਸ਼ ਸਕੱਤਰਾਂ ਦੀ ਮੀਟਿੰਗ ਨੇਪਾਲ ਵਿਚ ਹੋਵੇਗੀ।

ਕੋਲੰਬੋ ਮੀਟਿੰਗ ਦੱਖਣ ਏਸ਼ੀਆ ਦੇ ਦੇਸ਼ਾਂ ਦੀ ਖੇਤਰੀ ਸਹਿਯੋਗ ਵਧਾਉਣ ਦੇ ਲਈ ਸਰਕਾਰਾਂ ਵਲੋਂ ਭੇਜੇ ਗਏ ਪ੍ਰਤਿਨਿਧਾਂ ਦੀ ਪਹਿਲੀ ਮੀਟਿੰਗ ਸੀ।

**6.1 ਵਿਦੇਸ਼ ਸਕੱਤਰਾਂ ਦੀ ਕਾਠਮੰਡੂ ਮੀਟਿੰਗ 2–4 ਨਵੰਬਰ, 1981 (Kathmandu meeting of Foreign Secretaries 2-4 November, 1981)** : ਸਾਰਕ ਦੇ ਸੰਬੰਧ ਵਿਚ ਵਿਦੇਸ਼ ਸਕੱਤਰਾਂ ਦੀ ਦੂਜੀ ਮੀਟਿੰਗ 2-4 ਨਵੰਬਰ, 1981 ਨੂੰ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਹੋਈ। ਇਸ ਦੇ ਉਦਘਾਟਨ ਨੇਪਾਲ ਦੇ ਪ੍ਰਧਾਨ ਮੰਤਰੀ ਸ੍ਰੀ ਸੂਰੀਆ ਬਹਾਦੁਰ ਥਾਪਾ ਨੇ ਕੀਤੀ। ਨੇਪਾਲ ਵਲੋਂ ਪ੍ਰਸਤਾਵਿਤ ਦੱਖਣ ਏਸ਼ੀਆ ਸਹਿਯੋਗ ਉੱਤਸ਼ਾਹ ਪੂਰਨ ਸਹਿਯੋਗ ਦੇਣ ਦੀ ਗੱਲ ਕਹੀ ਗਈ। ਪ੍ਰਧਾਨ ਮੰਤਰੀ ਥਾਪਾ ਨੇ ਕਿਹਾ ਕਿ ਸਾਰੇ ਦੇਸ਼ਾਂ ਨੂੰ ਰਲ ਮਿਲ ਕੇ ਵੱਧਣਾ ਫੁਲਣਾ ਚਾਹੀਦਾ ਹੈ ਅਤੇ ਇਹ ਵੀ ਕਿਹਾ ਕਿ ਜੇ ਕਿਸੇ ਦੇਸ਼ ਨੂੰ ਕਿਸੇ ਮਸਲੇ ਨੂੰ ਹੱਲ ਕਰਨ ਦੇ ਲਈ ਕੁਝ ਕੁਰਬਾਨ ਵੀ ਕਰਨਾ ਪੈਂਦਾ ਹੈ, ਤਾਂ ਵੀ ਇਸ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਪਾਕਿਸਤਾਨ ਦੇ ਵਿਦੇਸ਼ ਸਕੱਤਰ ਨੇ ਖੇਤਰ ਵਿਚ ਦੂਰ ਸੰਚਾਰ ਸਥਾਪਿਤ ਕਰਨ ਦੀ ਲੋੜ ਤੇ ਜ਼ੋਰ ਦਿਤਾ। ਉਸ ਦੇ ਮੁਤਾਬਿਕ ਇਸ ਨਾਲ ਸਿਰਫ ਤਰੱਕੀ ਵਾਲੇ ਪ੍ਰੋਗਰਾਮਾਂ ਵਿਚ ਮਦਦ ਨਹੀਂ ਬਲਕਿ ਇਸ ਨਾਲ ਦੱਖਣ ਏਸ਼ੀਆ ਵਿਚ ਸਹਿਯੋਗ ਵੀ ਵਧੇਗਾ।

ਕਾਠਮੰਡੂ ਮੀਟਿੰਗ ਵਿਚ ਭੂਟਾਨ ਸ੍ਰੀ ਲੰਕਾ ਅਤੇ ਮਾਲਦੀਪ ਨੇ ਕਿਹਾ ਕਿ ਭਵਿੱਖ ਵਿਚ ਖੇਤਰੀ ਸਹਿਯੋਗ ਨੂੰ ਮੁੱਖ ਰੱਖ ਕੇ ਮੀਟਿੰਗਾਂ ਲਗਾਤਾਰ ਜਾਰੀ ਰਹਿਣੀਆਂ ਚਾਹੀਦੀਆਂ ਹਨ ਅਤੇ ਖੇਤਰੀ ਸਹਿਯੋਗ ਲਈ ਆਰਥਿਕ ਅਤੇ ਹੋਰ ਖੇਤਰਾਂ ਦਾ ਪਤਾ ਲਗਾਉਣਾ ਚਾਹੀਦਾ ਹੈ। ਅਜਿਹੇ ਅਧਿਐਨ ਦਾ ਕੰਮ ਮਾਲਦੀਵ, ਭੂਟਾਨ ਅਤੇ ਪਾਕਿਸਤਾਨ ਦੁਆਰਾ ਕੀਤਾ ਜਾਣਾ ਸੀ। ਵਿਦੇਸ਼ ਸਕੱਤਰਾਂ ਨੇ ਇਹ ਵੀ ਇੱਛਾ ਪ੍ਰਗਟ ਕੀਤੀ ਕਿ ਅਜਿਹੇ ਅਧਿਐਨ ਦੇ ਗਰੁੱਪ ਜਲਦੀ ਬਣਾਏ ਜਾਣੇ ਚਾਹੀਦੇ ਹਨ। ਇਸ ਮੀਟਿੰਗ ਵਿਚ ਹੇਠ ਲਿਖਿਆਂ ਮਸਲਿਆਂ ਤੇ ਸਹਿਮਤੀ ਹੋਈ :

ਇਸ ਮੀਟਿੰਗ ਵਿਚ ਅਗਲੀ ਮੀਟਿੰਗ ਇਸਲਾਮਾਬਾਦ ਵਿਚ ਕਰਨ ਬਾਰੇ ਵੀ ਐਲਾਨ ਕੀਤਾ ਗਿਆ ਜਿਸ ਤੋਂ ਬਿਨਾਂ :

6.1.1. ਪੰਜ ਅਧਿਐਨ ਗਰੁੱਪਾਂ ਦੀ ਸਿਫਾਰਸ਼ਾਂ ਨੂੰ ਅਪਨਾਉਣਾ ਅਤੇ ਉਨ੍ਹਾਂ ਉਪਰ ਅਮਲ ਕਰਨਾ।

6.1.2. ਸਹਿਯੋਗ ਦੇ ਹੋਰ ਖੇਤਰ ਵਿਚ ਸਾਰਿਆਂ ਦੀ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਮੰਨਣਾ ਅਤੇ ਅਮਲ ਵਿਚ ਲਿਆਉਣਾ।

6.1.3. ਇਸ ਹਾਲਤ ਨੂੰ ਘੋਖਣਾ ਕਿ ਕੀ ਵਿਦੇਸ਼ ਮੰਤਰੀਆਂ ਦੀ ਮੀਟਿੰਗ ਬੁਲਾਉਣ ਵਾਲੀ ਹਾਲਤ ਆ ਚੁੱਕੀ ਹੈ।

6.1.4. ਜਿਹੜੀ ਖੇਤਰੀ ਸਹਿਯੋਗ ਲਈ ਸੰਸਥਾਨਕ ਪ੍ਰਬੰਧ (Institutional Arrangement) ਕਰਨ ਦੀ ਗੱਲ ਬੰਗਲਾ ਦੇਸ਼ ਪੇਪਰ ਵਿਚ ਕਹੀ ਗਈ ਸੀ, ਨੂੰ ਅਪਨਾਉਣਾ ਅਤੇ ਉਸ ਬਾਰੇ ਹੋਰ ਘੋਖ ਕਰਨੀ।

**6.2 ਇਸਲਾਮਾਬਾਦ ਦੀ ਵਿਦੇਸ਼ ਸਕੱਤਰਾਂ ਦੀ ਮੀਟਿੰਗ ਅਗਸਤ, 1982 (Islamabad meeting of Foreign Secretaries—August, 1982)** : ਦੱਖਣ ਏਸ਼ੀਆਈ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦੀ ਤੀਜੀ

ਮੀਟਿੰਗ ਅਗਸਤ, 1982 ਵਿਚ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਹੋਈ। ਪਾਕਿਸਤਾਨ ਦਾ ਰਵੱਈਆ ਇਸ ਸਮੇਂ ਕਾਫੀ ਸਾਕਾਰਾਤਮਕ ਹੋ ਗਿਆ ਸੀ। ਇਸ ਮੀਟਿੰਗ ਦਾ ਉਦਘਾਟਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਕੀਤਾ। ਭਾਰਤ ਵਲੋਂ ਇਸ ਮੀਟਿੰਗ ਵਿਚ ਭਾਰਤ ਦੇ ਵਿਦੇਸ਼ ਸਕੱਤਰ ਐਮ.ਕੇ.ਰਸਗੋਤਰਾ ਨੇ ਭਾਗ ਲਿਆ। ਭਾਰਤੀ ਵਿਦੇਸ਼ ਸਕੱਤਰ ਨੇ ਕਿਹਾ ਕਿ ਦੱਖਣ ਏਸ਼ੀਆ ਦੇ ਦੇਸ਼ਾਂ ਨੂੰ ਵਪਾਰ ਅਤੇ ਅੰਤਰ-ਰਾਸ਼ਟਰੀ ਆਰਥਿਕ ਮਸਲਿਆਂ ਉਪਰ ਸਹਿਯੋਗ ਕਰਨਾ ਚਾਹੀਦਾ ਹੈ।

ਇਸਲਾਮਾਬਾਦ ਦੇ ਸਾਂਝੇ ਘੋਸ਼ਣਾ ਪੱਤਰ ਵਿਚ ਇਹ ਕਿਹਾ ਗਿਆ ਕਿ ਮਈ ਅਤੇ ਸਤੰਬਰ, 1981 ਦੇ ਵਿਚ ਨਵੀਂ ਦਿੱਲੀ ਦੇ ਵਿਚ ਵਿਦੇਸ਼ ਮੰਤਰੀਆਂ ਦੀ ਮੀਟਿੰਗ ਹੋਵੇਗੀ। ਇਸ ਘੋਸ਼ਣਾ ਪੱਤਰ ਵਿਚ ਖੇਡਾਂ, ਕਲਾ ਅਤੇ ਸਭਿਆਚਾਰਕ ਦੇ ਖੇਤਰਾਂ ਵਿਚ ਵੀ ਖੇਤਰੀ ਅਧਿਐਨ ਗਰੁੱਪ ਬਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਪਹਿਲਾਂ ਬਣਾਏ ਪੰਜ ਗਰੁਪਾਂ ਦੀਆਂ ਰਿਪੋਰਟਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

**6.3 ਢਾਕਾ ਦੀ ਵਿਦੇਸ਼ ਸਕੱਤਰਾਂ ਦੀ ਮੀਟਿੰਗ ਮਾਰਚ, 1983 (Dacca Meeting of Foreign Secretaries March, 1983)** : ਵਿਦੇਸ਼ ਸਕੱਤਰਾਂ ਦੀ ਚੌਥੀ ਮੀਟਿੰਗ ਢਾਕਾ ਦੇ ਵਿਚ ਮਾਰਚ, 1983 ਵਿਚ ਹੋਈ। ਇਸ ਮੀਟਿੰਗ ਦੇ ਉਦਘਾਟਨ ਕਰਦੇ ਹੋਏ ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਖੇਤਰ ਵਿਚ ਲੋਕਾਂ ਦੀ ਜ਼ਿੰਦਗੀ ਦਾ ਪੱਧਰ ਸੁਧਾਰਨ ਲਈ, ਸ਼ਾਂਤੀ ਨੂੰ ਇਮ ਰੱਖਣ ਦੇ ਲਈ ਅਤੇ ਇਕਮੁੱਠਤਾ ਬਨਾਉਣ ਲਈ ਖੇਤਰੀ ਸਹਿਯੋਗੀ ਦੀ ਲੋੜ ਤੇ ਜ਼ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਮੈਂਬਰਾਂ ਨੇ ਵੀ ਸਹਿਯੋਗ ਦੇ ਵੱਖੋ ਵੱਖ ਖੇਤਰਾਂ ਤੇ ਵਿਚਾਰ ਕੀਤਾ।

ਇਸ ਸੱਤ ਸਕੱਤਰਾਂ ਦੀ ਮੀਟਿੰਗ ਦੇ ਘੋਸ਼ਣਾ ਪੱਤਰ ਨੇ ਨਵੀਂ ਦਿੱਲੀ ਵਿਚ ਹੋਣ ਵਾਲੀ ਵਿਦੇਸ਼ੀ ਮੰਤਰੀਆਂ ਦੀ ਮੀਟਿੰਗ ਦੀ ਪੁਸ਼ਟੀ ਕੀਤੀ। ਇਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਖੇਡ ਕਲਾ ਅਤੇ ਸਭਿਆਚਾਰਕ ਦੇ ਅਧਿਐਨ ਲਈ ਭਾਰਤ ਤਾਲਮੇਲ ਦਾ ਕੰਮ ਕਰੇਗਾ।

**6.4 ਦੱਖਣ ਏਸ਼ੀਆ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਪਹਿਲੀ ਮੀਟਿੰਗ-ਨਵੀਂ ਦਿੱਲੀ, 1-2 ਅਗਸਤ, 1983 (First South Asian Foreign Minister's Meeting at New Delhi, 1—2 August, 1983)**

ਦੱਖਣ ਏਸ਼ੀਆਈ ਸਹਿਯੋਗ ਦੇ ਮਸਲੇ ਨੂੰ ਮੁੱਖ ਰੱਖ ਕੇ ਵਿਦੇਸ਼ ਮੰਤਰੀ ਪੱਧਰ ਦੀ ਪਹਿਲੀ ਮੀਟਿੰਗ ਨਵੀਂ ਦਿੱਲੀ ਵਿਚ 1 ਤੋਂ 2 ਅਗਸਤ ਨੂੰ ਹੋਈ। ਇਸ ਮੀਟਿੰਗ ਦੀ ਮਹੱਤਤਾ ਇਸ ਲਈ ਜ਼ਿਆਦਾ ਸੀ ਕਿ ਇਸ ਵਿਚ ਸਾਰਕ ਦੇ ਨਿਸ਼ਾਨੇ ਅਤੇ ਉਦੇਸ਼ ਬਣਾਏ ਗਏ ਸਨ। ਇਸ ਦਾ ਉਦਘਾਟਨ ਭਾਰਤੀ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੀਤਾ। ਇਸ ਮੀਟਿੰਗ ਦੇ ਵਿਚ ਭਾਰਤ ਨੇ ਸਾਰਕ ਦੇ ਬਾਕੀ ਮੈਂਬਰ ਦੇਸ਼ਾਂ ਨੂੰ ਇਹ ਯਕੀਨ ਦਿਵਾਇਆ ਕਿ ਖੇਤਰੀ ਸਹਿਯੋਗ ਦੇ ਵਿਚ ਭਾਰਤ ਦਾ ਵੱਡਾ ਆਕਾਰ ਕਿਸੇ ਕਿਸਮ ਦੀ ਰੁਕਾਵਟ ਨਹੀਂ ਹੈ। ਇਸ ਸੰਬੰਧ ਵਿਚ ਭਾਰਤ ਦੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇ ਭਾਰਤ ਦਾ ਆਕਾਰ ਵੱਡਾ ਹੈ ਤਾਂ ਇਸ ਦੀਆਂ ਮੁਸ਼ਕਲਾਂ ਵੀ ਵੱਡੀਆਂ ਅਤੇ ਗੁੰਝਲਦਾਰ ਹਨ। ਇਹ ਵੀ ਕਿਹਾ ਕਿ ਇਹ ਖੇਤਰੀ ਇਕੱਠ ਕਿਸੇ ਦੇ ਖਿਲਾਫ ਨਹੀਂ ਹੈ ਅਤੇ ਨਾ ਹੀ ਇਸ ਦੇ ਕੋਈ ਫੌਜੀ ਆਸ਼ੇ ਹਨ। ਭਾਰਤੀ ਤਰੱਕੀ ਦੇ ਸਾਰੇ ਖੇਤਰਾਂ ਵਿਚ ਕੰਮ ਕਰਨ ਲਈ ਤਿਆਰ ਹੈ।

ਦੱਖਣ ਏਸ਼ੀਆ ਦੇ ਵਿਚ ਹੋ ਰਹੀ ਸਹਿਯੋਗ ਦੀ ਕੋਸ਼ਿਸ਼ ਦਾ ਸੰਯੁਕਤ ਰਾਸ਼ਟਰ ਸੰਘ ਦੇ ਸੈਕਟਰੀ ਜਨਰਲ ਜੇਵਅਰ ਪੈਰੀਜ਼ਡੀ ਕੁਇਆਰ ਨੇ ਇਸ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਆਰਥਿਕ ਅਤੇ ਸਮਾਜਿਕ ਖੇਤਰਾਂ ਦੀ ਤਰੱਕੀ ਵਾਸਤੇ ਇਹ ਇਕ ਵਧੀਆ ਕਦਮ ਹੈ। ਉਸਨੇ ਇਸ ਦੀ ਕਾਮਯਾਬੀ ਲਈ ਸ਼ੁਭ ਇੱਛਾਵਾਂ ਭੇਜੀਆਂ।

ਵਿਦੇਸ਼ ਮੰਤਰੀਆਂ ਦੀ ਇਸ ਮੀਟਿੰਗ ਦੀ ਘੋਸ਼ਣਾ-ਪੱਤਰ ਵਿਚ ਹੇਠ ਲਿਖੇ ਫੈਸਲੇ ਗਏ ਸਨ :

6.4.1. ਦੱਖਣ ਏਸ਼ੀਆ ਦੇ ਲੋਕਾਂ ਦੀ ਭਲਾਈ ਕਰਨਾ ਅਤੇ ਉਨ੍ਹਾਂ ਦੇ ਜੀਵਨ ਵਿਚ ਸੁਧਾਰ ਕਰਨਾ।

6.4.2. ਖੇਤਰ ਵਿਚ ਆਰਥਿਕ ਵਿਕਾਸ, ਸਮਾਜਿਕ ਉੱਨਤੀ ਅਤੇ ਵਿਕਾਸ ਨੂੰ ਵਧਾਉਣਾ ਅਤੇ ਸਾਰੇ ਵਿਅਕਤੀਆਂ ਬੱਰਾਬਰ ਜੀਉਣ ਦੇ ਮੌਕੇ ਪ੍ਰਦਾਨ ਕਰਾਉਣਾ ਅਤੇ ਉਨ੍ਹਾਂ ਦੀ ਸ਼ਕਤੀ ਬਾਰੇ ਅਹਿਸਾਸ ਕਰਾਉਣਾ।

6.4.3. ਦੱਖਣ ਏਸ਼ੀਆ ਦੇ ਦੇਸ਼ਾਂ ਵਿਚ ਗੂੜ੍ਹਾ-ਸਮੂਹਿਕ ਆਤਮ ਵਿਸ਼ਵਾਸ ਪੈਦਾ ਕਰਨਾ।

6.4.4. ਆਪਸੀ ਵਿਸ਼ਵਾਸ ਵਿਚ ਯੋਗਦਾਨ ਦੇਣਾ ਅਤੇ ਇਕ ਦੂਸਰੇ ਦੀਆਂ ਮੁਸ਼ਕਲਾਂ ਨੂੰ ਸਮਝਣਾ।

6.4.5. ਆਰਥਿਕ, ਸਮਾਜਿਕ ਸਭਿਆਚਾਰਕ ਤਕਨੀਕੀ ਅਤੇ ਵਿਗਿਆਨਕ ਖੇਤਰਾਂ ਵਿਚ ਇਕ ਦੂਸਰੇ ਦਾ ਸਾਥ ਦੇਣਾ ਅਤੇ

ਮਦਦ ਕਰਨਾ।

6.4.6. ਦੂਸਰੇ ਵਿਕਾਸਸ਼ੀਲ ਦੇਸ਼ਾਂ ਦੇ ਨਾਲ ਸਹਿਯੋਗ ਵਧਾਉਣਾ।

6.4.7. ਸਾਂਝੇ ਹਿੱਤਾਂ ਦੇ ਲਈ ਅੰਤਰ-ਰਾਸ਼ਟਰੀ ਪੱਧਰ ਤੇ ਆਪਸੀ ਸਹਿਯੋਗ ਨੂੰ ਹੋਰ ਵਧਾਉਣਾ।

6.4.8. ਇਕ ਬਰਾਬਰ ਉਦੇਸ਼ਾਂ ਅਤੇ ਨਿਸ਼ਾਨਿਆਂ ਵਾਲੇ ਅੰਤਰ-ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦੇ ਨਾਲ ਸਹਿਯੋਗ ਕਰਨਾ।

ਇਸ ਘੋਸ਼ਣਾ ਪੱਤਰ ਵਿਚ ਅੱਗੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਆਪਸੀ ਸਹਿਯੋਗ ਦੂਸਰੇ ਰਾਜਾਂ ਦੇ ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਦਖਲ ਅੰਦਾਜ਼ੀ ਨਾ ਕਰਨਾ, ਰਾਸ਼ਟਰੀ ਸਮਾਨਤਾ ਭੂ-ਖੇਤਰੀ ਏਕਤਾ, ਰਾਜਨੀਤਿਕ ਆਜ਼ਾਦੀ ਆਦਿ ਦੇ ਸਿਧਾਂਤਾਂ ਤੇ ਆਧਾਰਿਤ ਹੋਵੇਗਾ। ਇਸ ਵਿਚ ਵੀ ਕਿਹਾ ਗਿਆ ਕਿ ਇਹ ਸਹਿਯੋਗ ਸੰਗਠਨ ਦੋ ਪੱਖੀ ਅਤੇ ਬਹੁ-ਪੱਖੀ (ਸਮਝੌਤਿਆਂ) ਵਿਚ ਦਖਲ ਅੰਦਾਜ਼ੀ ਨਹੀਂ ਕਰੇਗਾ।

ਵਿਦੇਸ਼ ਮੰਤਰੀਆਂ ਦੀ ਇਸ ਮੀਟਿੰਗ ਨੇ ਸਾਰਕ ਦਾ ਸੰਸਥਾਕਰਨ (Institutionalization) ਵੀ ਕਰ ਦਿੱਤਾ। ਉਹ ਇਸ ਤਰ੍ਹਾਂ ਸੀ :

**6.4.8.1. ਤਕਨੀਕੀ ਕਮੇਟੀਆਂ (Technical Commitees)** : ਇਸ ਦੇ ਮੈਂਬਰ ਸਭ ਰਾਜਾਂ ਦੇ ਪ੍ਰਤੀਨਿਧ ਹੋਣਗੇ ਅਤੇ ਇਨ੍ਹਾਂ ਦਾ ਕੰਮ ਸਹਿਯੋਗ ਦੇ ਹਰੇਕ ਖੇਤਰ ਵਿਚ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਅਤੇ ਉਨ੍ਹਾਂ ਨਾਲ ਤਾਲਮੇਲ ਕਰਨਾ ਸੀ।

**6.4.8.2. ਸਥਾਈ ਕਮੇਟੀ (Standing Committee)** : ਇਸ ਦੇ ਵਿਚ ਮੈਂਬਰ ਦੇਸ਼ਾਂ ਦੇ ਵਿਦੇਸ਼ ਸਕੱਤਰ ਹੋਣੇ ਸਨ। ਜਿਨ੍ਹਾਂ ਦਾ ਕੰਮ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਬਣਾਉਣਾ ਅਤੇ ਉਨ੍ਹਾਂ ਲਈ ਸਾਧਨਾਂ ਦਾ ਪ੍ਰਬੰਧ ਕਰਨ, ਖੇਤਰੀ ਅਤੇ ਬਾਹਰੀ ਸਾਧਨਾਂ ਨੂੰ ਗਤੀਸ਼ੀਲ ਬਨਾਉਣਾ, ਸਹਿਯੋਗ ਦੇ ਬਾਰੇ ਨਵੇਂ ਖੇਤਰਾਂ ਦੇ ਬਾਰੇ ਪਤਾ ਲਗਾਉਣਾ ਸੀ। ਇਸ ਕਮੇਟੀ ਦੀ ਮੀਟਿੰਗ ਬਾਰੇ ਇਹ ਵੀ ਫੈਸਲਾ ਕੀਤਾ ਕਿ ਸਾਲ ਵਿਚ ਘੱਟ ਤੋਂ ਘੱਟ ਇਕ ਵਾਰ ਮੀਟਿੰਗ ਹੋਵੇਗੀ। ਪਰ ਜੇ ਮੈਂਬਰ ਚਾਹੁੰਦੇ ਹੋਣ ਕਿ ਇਹ ਪਹਿਲਾਂ ਹੋਵੇ ਤਾਂ ਇਹ ਪਹਿਲਾਂ ਵੀ ਬੁਲਾਈ ਜਾ ਸਕਦੀ ਹੈ।

**6.4.8.3. ਕਾਰਵਾਈ ਕਮੇਟੀ (Action Committee)** : ਦੋ ਦੇਸ਼ਾਂ ਤੋਂ ਜ਼ਿਆਦਾ ਦੇਸ਼ਾਂ ਦੇ ਨਾਲ ਬਣਾਈਆਂ ਯੋਜਨਾਵਾਂ ਨੂੰ ਲਾਗੂ ਕਰਨ ਦੀ ਇਜ਼ਾਜਤ ਦੇ ਆਧਾਰ ਤੇ ਹੀ ਬਣਾਈਆਂ ਜਾ ਸਕਦੀਆਂ ਹਨ।

**6.4.8.4. ਵਿੱਤ ਸੰਬੰਧੀ ਫੈਸਲੇ (Decisions Regarding Finance)** : ਵਿੱਤ ਸੰਬੰਧੀ ਇਹ ਫੈਸਲਾ ਹੋਇਆ ਕਿ ਸਾਂਝੇ ਪ੍ਰੋਗਰਾਮਾਂ ਲਈ ਦੇਸ਼ਾਂ ਦੀ ਇੱਛਾ ਦੇ ਮੁਤਾਬਕ ਧਨ ਇਕੱਠਾ ਕੀਤਾ ਜਾਵੇਗਾ। ਕਮੇਟੀ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਲਈ ਲਾਗਤ ਦੀ ਵੰਡ ਦੀਆਂ ਸਿਫਾਰਿਸ਼ਾਂ ਕਰੇਗੀ। ਤਕਨੀਕੀ ਕਮੇਟੀ ਸਿਫਾਰਸ਼ਾਂ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਕਰੇਗੀ :

6.4.8.5. ਸੈਮੀਨਾਰਾਂ, ਵਰਕਸ਼ਾਪਾਂ, ਸਿੱਖਿਆ ਅਤੇ ਦੂਸਰੇ ਪ੍ਰੋਗਰਾਮਾਂ ਦਾ ਖਰਚ ਜਾਂ ਤਾਂ ਮੇਜ਼ਬਾਨ ਸਰਕਾਰ ਕਰੇਗੀ ਜਾਂ ਫਿਰ ਉਸ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲਿਆਂ ਦੇਸ਼ਾਂ ਵਿਚ ਵੰਡਿਆ ਜਾਵੇਗਾ।

6.4.8..6. ਮਾਹਿਰ (Expert) ਦੇ ਰਹਿਣ ਦਾ ਖਰਚ ਮੇਜ਼ਬਾਨ ਦੇਸ਼ਾਂ ਨੇ ਕਰਨਾ ਸੀ ਅਤੇ ਸਫਰ ਅਤੇ ਹੋਰ ਅਦਾਇਗੀਆਂ ਭੇਜਣ ਵਾਲੇ ਦੇਸ਼ ਨੇ ਕਰਨੀਆਂ ਸਨ ਜਾਂ ਫਿਰ ਸਹੂਲਤਾਂ ਦੇ ਮੁਤਾਬਕ ਉਸ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਦੇਸ਼ਾਂ ਵਿਚ ਵੰਡਿਆ ਜਾਵੇਗਾ।

6.4.8.7. ਅਧਿਐਨ ਦਾ ਖਰਚਾ ਸਾਰੇ ਦੇਸ਼ਾਂ ਦੁਆਰਾ ਆਪਸੀ ਸਹਿਮਤੀ ਦੇ ਆਧਾਰ ਤੇ ਦਿੱਤਾ ਜਾਵੇਗਾ।

6.4.8.8. ਲੰਬੇ ਸਮੇਂ ਤੱਕ ਚੱਲਣ ਵਾਲੀਆਂ ਯੋਜਨਾਵਾਂ ਦੇ ਸੰਬੰਧ ਵਿਚ ਲਾਗਤ ਨੂੰ ਉਠਾਉਣ ਦੀ ਸਿਫਾਰਸ਼ ਸਥਾਈ ਕਮੇਟੀ ਕਰੇਗੀ।

ਇਸ ਤੋਂ ਬਿਨਾਂ ਉਹ ਪ੍ਰੋਗਰਾਮਾਂ ਅਤੇ ਯੋਜਨਾਵਾਂ ਜਿਨ੍ਹਾਂ ਲਈ ਖੇਤਰ ਵਿਚ ਲੋੜੀਂਦੇ ਸਾਧਨ ਨਹੀਂ ਜੁਟਾਏ ਜਾ ਸਕਦੇ ਹਨ ਉਸਦੇ ਲਈ ਹੋਰ ਬਾਹਰੀ ਖੇਤਰਾਂ ਜਾਂ ਢੁਕਵੇਂ ਸਾਧਨਾਂ ਦੀ ਮਦਦ ਸਥਾਈ ਕਮੇਟੀ ਦੀ ਇਜ਼ਾਜਤ ਨਾਲ ਲੈਣੀ ਸੀ।

**6.5 ਸਥਾਈ ਕਮੇਟੀ ਦੀ ਪਹਿਲੀ ਮੀਟਿੰਗ 27–29 ਫਰਵਰੀ, 1984 ਨਵੀਂ ਦਿੱਲੀ (Standing Committee First Session in New Delhi 27-29 February, 1984)** : ਇਹ

ਮੀਟਿੰਗ 27 ਫਰਵਰੀ, 1984 ਨੂੰ ਭਾਰਤ ਦੇ ਵਿਦੇਸ਼ ਸਕੱਤਰਾਂ ਐਮ. ਆਰ. ਰਸਗੋਤਰਾ ਦੀ ਪ੍ਰਧਾਨਗੀ ਹੇਠ ਨਵੀਂ ਦਿੱਲੀ ਵਿਖੇ ਹੋਈ। ਹੋਰ ਦੇਸ਼ਾਂ ਦੇ ਪ੍ਰਤੀਨਿਧ ਮੰਡਲਾਂ ਦੀ ਪ੍ਰਧਾਨਗੀ ਵੀ ਦੇਸ਼ਾਂ ਦੇ ਵਿਦੇਸ਼ ਸਕੱਤਰ ਨੇ ਕੀਤੀ। ਇਸ ਮੀਟਿੰਗ ਦਾ ਉਦਘਾਟਨ ਭਾਰਤ ਦੇ ਵਿਦੇਸ਼ ਮੰਤਰੀ ਪੀ. ਵੀ. ਨਰਸਿਮਾ ਰਾਓ ਨੇ ਕੀਤਾ। ਇਸ ਮੀਟਿੰਗ ਵਿਚੋਂ ਵੱਖ ਵੱਖ ਖੇਤਰਾਂ ਵਿਚ ਪ੍ਰੋਗਰਾਮ ਬਨਾਉਣ ਦੇ ਲਈ ਕਈ ਤਕਨੀਕੀ ਕਮੇਟੀਆਂ ਦੀ ਸਿਫਾਰਿਸ਼ ਵੀ ਕੀਤੀ ਗਈ। ਸਥਾਈ ਕਮੇਟੀ ਨੇ ਵਪਾਰ, ਉਰਜਾ ਅਤੇ ਸੈਰ ਸਪਾਟਾ ਦੇ ਖੇਤਰਾਂ ਵਿਚ ਪਹਿਲ ਦੇ ਆਧਾਰ ਤੇ ਸਹਿਯੋਗ ਕਰਨ ਦੀ ਗੱਲ ਕਹੀ। ਇਸ ਨੇ ਖੇਡਾਂ, ਕਲਾ ਅਤੇ ਸਭਿਆਚਾਰਕ ਖੇਤਰਾਂ ਲਈ ਤਕਨੀਕੀ ਕਮੇਟੀਆਂ ਬਣਾਈਆਂ।

**ਵਿਦੇਸ਼ ਮੰਤਰੀਆਂ ਦੀ ਮਾਲੇ ਮੀਟਿੰਗ ਫਰਵਰੀ, 1985 (Foreign Minister's Male Meeting - February, 1985)** : ਮਾਲਦੀਵ ਦੀ ਰਾਜਧਾਨੀ ਮਾਲੇ ਵਿਚ ਦੱਖਣ ਏਸ਼ੀਆਈ ਦੇਸ਼ਾਂ ਦੇ ਸਾਰੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਫਰਵਰੀ, 1985 ਵਿਚ ਹੋਈ। ਇਸ ਵਿਚ ਉਤਰ-ਦੱਖਣ ਗੱਲਬਾਤ ਦੇ ਰੁੱਕ ਜਾਣ ਦਾ ਦੁੱਖ ਪ੍ਰਗਟ ਕੀਤਾ ਗਿਆ। ਇਸ ਮੀਟਿੰਗ ਦੇ ਘੋਸ਼ਣਾ ਪੱਤਰ ਵਿਚ ਵੱਡੀਆਂ ਉਦਯੋਗਿਕ ਤਾਕਤਾਂ ਵੱਲੋਂ ਹੁੰਗਾਰਾ ਨਾ ਮਿਲਣ ਤੇ ਵੀ ਖੇਦ ਪ੍ਰਗਟ ਕੀਤਾ ਗਿਆ। ਕਮੇਟੀ ਨੇ ਸਾਰਕ ਮੈਂਬਰ ਨੂੰ ਲੋੜਾਂ ਲਈ ਸਾਧਨ ਜਟਾਉਣ ਲਈ ਵੀ ਕਿਹਾ ਗਿਆ। ਇਸ ਮੀਟਿੰਗ ਵਿਚ ਤਰੱਕੀ ਕਰ ਚੁੱਕੇ ਅਤੇ ਕਰ ਰਹੇ ਦੇਸ਼ਾਂ ਵਿਚ ਵੱਧ ਰਹੇ ਪਾੜੇ ਦਾ, ਜਿਸ ਨਾਲ ਗਰੀਬ ਦੇਸ਼ਾਂ ਉਤੇ ਭਾਰੀ ਆਰਥਿਕ ਬੋਝ ਪੈਂਦਾ ਹੈ, ਬਾਰੇ ਵੀ ਗੰਭੀਰ ਨੋਟਿਸ ਲਿਆ ਗਿਆ।

## 7. ਸਾਰਕ ਦਾ ਇਤਹਾਸ (History of SAARC)

**7.1 ਸਾਰਕ ਦੇਸ਼ਾਂ ਦੀ ਪਹਿਲੀ ਚੋਟੀ ਕਾਨਫਰੰਸ ਢਾਕਾ 2 ਦਸੰਬਰ, 1985 (The First Summit of SAARC Countries, Dhaka 2 December, 1985)** : ਸਾਰਕ ਦੇਸ਼ਾਂ ਦੀ ਵਿਦੇਸ਼ ਮੰਤਰੀ 7—9 ਦਸੰਬਰ ਨੂੰ ਢਾਕਾ ਵਿਚ ਚੋਟੀ ਕਾਨਫਰੰਸ ਹੋਣ ਤੋਂ ਪਹਿਲਾਂ ਮਿਲੇ। ਇਸ ਵਿਚ ਦੱਖਣ ਏਸ਼ੀਆ ਖੇਤਰ ਸਹਿਯੋਗ, (SARC) ਤੋਂ ਇਸ ਦਾ ਨਾਂ ਦੱਖਣ ਏਸ਼ੀਆਈ ਖੇਤਰੀ ਸਹਿਯੋਗ ਲਈ ਐਸੋਸੀਏਸ਼ਨ (SAARC) ਵਿਚ ਬਦਲਣ ਲਈ ਸਾਰੇ ਦੇਸ਼ਾਂ ਵਿਚ ਸਹਿਮਤੀ ਹੋ ਗਈ। ਇਸ ਮੀਟਿੰਗ ਨੇ ਸਾਰਕ ਦੇ ਚਾਰਟਰ ਨੂੰ ਅੰਤਿਮ ਰੂਪ ਦਿਤਾ ਅਤੇ ਨਵੀਂ ਦਿੱਲੀ ਵਿਚ ਅਗਸਤ 1983 ਵਿਚ ਬਣਾਏ ਗਏ ਉਦੇਸ਼ ਅਤੇ ਸਿਧਾਂਤ ਆਪਣਾ ਲਏ ਗਏ। ਸਾਰੇ ਦੇਸ਼ ਦੇ ਮੁਖੀਆਂ ਨੇ ਐਲਾਨ ਕੀਤੀ ਗਈ ਪ੍ਰਸਤਾਵਨਾ ਨੂੰ ਸਵੀਕਾਰ ਕੀਤਾ ਅਤੇ ਆਪਣੀ ਪ੍ਰਵਾਨਗੀ ਇਸ ਨੂੰ ਦੇ ਦਿੱਤੀ। ਦੇਸ਼ਾਂ ਦੇ ਮੁੱਖੀਆਂ ਨੇ ਕਿਹਾ ਕਿ ਦੱਖਣ ਏਸ਼ੀਆ ਵਿਚ ਆਪਸੀ ਸਹਿਯੋਗ ਸਾਰਿਆਂ ਨੂੰ ਆਪਸੀ ਫਾਇਦੇ ਦੇਵੇਗਾ। ਇਸ ਨਾਲ ਅਸੀਂ ਦੱਖਣ ਏਸ਼ੀਆਈ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ, ਆਰਥਿਕ, ਸਮਾਜਿਕ ਅਤੇ ਤਕਨੀਕੀ ਸੁਧਾਰ ਵੀ ਹੋਵੇਗਾ। ਇਸ ਨਾਲ ਰਾਸ਼ਟਰੀ ਤੇ ਸਾਂਝੀ ਨਿਰਭਰਤਾ ਅਤੇ ਇਸ ਖੇਤਰ ਦੇ ਲੋਕਾਂ ਦੀ ਦੋਸਤੀ ਵਿਚ ਵਾਧਾ ਹੋਵੇਗਾ।

ਸਾਰਕ ਦੇ ਚਾਰਟਰ ਵਿਚ ਇਹ ਸ਼ਰਤ ਰੱਖੀ ਗਈ ਕਿ ਸਾਰਕ ਦੇ ਦੇਸ਼ ਸਾਲ ਦੇ ਵਿਚ ਇਕ ਵਾਰੀ ਮਿਲਿਆ ਕਰਨਗੇ। ਇਥੇ ਇਕ ਮੰਤਰੀਆਂ ਦੀ ਇਕ ਕੌਂਸਲ ਨੂੰ ਬਨਾਉਣ ਦਾ ਐਲਾਨ ਵੀ ਕੀਤਾ ਗਿਆ ਜਿਸ ਨੂੰ ਬਨਾਉਣ ਦੇ ਹੇਠ ਲਿਖੇ ਉਦੇਸ਼ ਅਤੇ ਨਿਸ਼ਾਨੇ ਸਨ :

7.1. ਸੰਬੰਧਤ ਦੇਸ਼ਾਂ ਦੀ ਤਰੱਕੀ ਵਾਸਤੇ ਸਾਰਕ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਨਿਯਮਤ ਰੂਪ ਦੇਣਾ।

7.2. ਸਾਂਝੇ ਹਿਤ ਦੇ ਹੋਰ ਮਾਮਲਿਆਂ ਦੀ ਪੜਤਾਲ ਕਰਨੀ।

7.3. ਸਹਿਯੋਗ ਦੇ ਨਵੇਂ ਖੇਤਰ ਬਾਰੇ ਫੈਸਲਾ ਲੈਣਾ।

7.4. ਜਦੋਂ ਵੀ ਲੋੜ ਪਵੇ ਤਾਂ ਸਾਰਕ ਦੇ ਅਧੀਨ ਨਵਾਂ ਵਾਧੂ (Mechanism) ਬਣਤਰ ਸਥਾਪਿਤ ਕਰਨਾ।

7.5. ਐਸੋਸੀਏਸ਼ਨ ਦੇ ਅਧੀਨ ਸਹਿਯੋਗ ਵਿਚ ਹੋਈ ਤਰੱਕੀ ਦੀ ਪੜਤਾਲ ਕਰਨੀ। ਚਾਰਟਰ ਨੇ ਤਕਨੀਕੀ ਅਤੇ ਸਥਾਈ ਕਮੇਟੀ ਦੇ ਕੰਮਾਂ ਵਿਚ ਹੇਠ ਲਿਖੇ ਕਰਤੱਵਾਂ ਨੂੰ ਸ਼ਾਮਲ ਕੀਤਾ।

7.5.1. ਆਪਸੀ ਸਹਿਮਤੀ ਦੇ ਆਧਾਰ ਤੇ ਖੇਤਰੀ ਸਹਿਯੋਗ ਦੇ ਮਨਸੂਬਿਆਂ ਦੀ ਖੋਜ ਕਰਨੀ ਅਤੇ ਉਨ੍ਹਾਂ ਦੀ ਸਮਰਥਾ ਦਾ ਪਤਾ ਲਗਾਉਣਾ।

7.5.2. ਪ੍ਰਜੈਕਟਾਂ ਲਈ ਪ੍ਰੋਗਰਾਮ ਬਣਾਉਣੇ ਅਤੇ ਉਨ੍ਹਾਂ ਦੀ ਤਿਆਰੀ ਕਰਨੀ।

7.5.3. ਖੇਤਰੀ ਪ੍ਰੋਗਰਾਮਾਂ ਬਾਰੇ ਵਿੱਤੀ ਅੜਚਣਾਂ ਨੂੰ ਦ੍ਰਿੜਤਾ ਨਾਲ ਨਜਿੱਠਣਾ।

7.5.4. ਲਾਗੂ ਹੋ ਰਹੀ ਤਰੱਕੀ ਦੀ ਦੇਖ ਰੇਖ ਕਰਨੀ।

7.5.5. ਖਰਚੇ ਦੇ ਬਾਰੇ ਸਿਫਾਰਸ਼ਾਂ ਨੂੰ ਲਾਗੂ ਕਰਨਾ।

7.5.6. ਢੁਕਵੇਂ ਅਧਿਐਨਾਂ ਦੇ ਆਧਾਰ ਤੇ ਸਹਿਯੋਗ ਦੇ ਨਵੇਂ ਖੇਤਰਾਂ ਦੀ ਪਹਿਚਾਣ ਦਾ ਪ੍ਰਬੰਧ ਕਰਨਾ।

7.5.7. ਪ੍ਰੋਜੈਕਟਾਂ ਅਤੇ ਪ੍ਰੋਗਰਾਮਾਂ ਦੀ ਪ੍ਰਵਾਨਗੀ ਅਤੇ ਨਾਲ ਹੀ ਉਨ੍ਹਾਂ ਲਈ ਵਿੱਤੀ ਸਾਧਨਾਂ ਦਾ ਪ੍ਰਬੰਧ ਕਰਨਾ।

ਢਾਕਾ ਦੇ ਵਿਚ ਹੋਈ ਚੋਟੀ ਕਾਨਫਰੰਸ ਤੋਂ ਬਾਅਦ ਪ੍ਰੈਸ ਦੇ ਨਾਂ ਸਾਂਝਾ ਪੱਤਰ ਭੇਜਿਆ ਗਿਆ। ਜਿਸ ਵਿਚ ਇਹ ਸੂਚਨਾ ਸੀ ਕਿ ਵਿਦੇਸ਼ ਸਕੱਤਰਾਂ ਦੀ ਸਥਾਈ ਕਮੇਟੀ ਨੂੰ ਦੋ ਅਧਿਐਨ ਗਰੁੱਪ ਬਨਾਉਣ ਲਈ ਕਿਹਾ ਗਿਆ ਹੈ। ਇਨ੍ਹਾਂ ਵਿਚ ਇਕ ਕਮੇਟੀ ਤਾਂ ਦੱਖਣ ਏਸ਼ੀਆ ਵਿਚ ਅਤਿਵਾਦ ਬਾਰੇ ਮੁਸ਼ਕਲਾਂ ਅਤੇ ਦੂਜੀ ਨਸ਼ੀਲੀ ਦਵਾਈਆਂ ਦੇ ਘਾਤਕ ਅਸਰ ਬਾਰੇ ਸੀ। ਇਸ ਮੀਟਿੰਗ ਵਿਚ ਦੋ ਮੰਤਰੀ ਪੱਧਰ ਦੀਆਂ ਮੀਟਿੰਗਾਂ ਬਾਰੇ ਵੀ ਕਿਹਾ ਗਿਆ। ਜਿਨ੍ਹਾਂ ਵਿਚੋਂ ਇਕ ਪਾਕਿਸਤਾਨ ਅਤੇ ਇਕ ਭਾਰਤ ਵਿਚ ਹੋਈ ਸੀ। ਇਨ੍ਹਾਂ ਮੀਟਿੰਗਾਂ ਵਿਚੋਂ ਇਕ ਦਾ ਵਿਸ਼ਾ ਤਾਂ ਸਾਰਕ ਦੇਸ਼ਾਂ ਦੀ ਉੱਨਤੀ ਲਈ ਔਰਤਾਂ ਨੂੰ ਸ਼ਾਮਲ ਕਰਨਾ ਅਤੇ ਦੂਜੀ ਦਾ ਵਿਸ਼ਾ ਅੰਤਰਰਾਸ਼ਟਰੀ ਆਰਥਿਕ ਮਾਮਲਿਆਂ ਦੇ ਬਾਰੇ ਸੀ।

ਇਸ ਮੀਟਿੰਗ ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਜਿਆ-ਉਲ-ਹਕ ਨੇ ਨਿਊਕਲੀਅਰ ਹਥਿਆਰਾਂ ਨੂੰ ਖਤਮ ਕਰਨ ਲਈ ਕਿਹਾ ਪਰ ਭਾਰਤ ਦੀ ਇਸ ਮਸਲੇ ਉਪਰ ਪਹੁੰਚ ਖੇਤਰੀ ਨਹੀਂ ਸੀ। ਭਾਰਤ ਇਸ ਮਸਲੇ ਦੇ ਉਪਰ ਅੰਤਰ-ਰਾਸ਼ਟਰੀ ਸਮਝੌਤੇ ਦੇ ਪੱਖ ਵਿਚ ਸੀ। ਢਾਕਾ ਦੀ ਮੀਟਿੰਗ ਵਿਚ ਕੁਝ ਵਿਵਾਦ ਪੂਰਨ ਮਸਲਿਆਂ ਬਾਰੇ ਵੀ ਗੱਲਬਾਤ ਹੋਈ ਪਰ ਫਿਰ ਵੀ ਢਾਕਾ ਮੀਟਿੰਗ ਦਖਣ ਏਸ਼ੀਆ ਸਹਿਯੋਗ ਦੇ ਲਈ ਇਕ ਕਾਫੀ ਤਰੱਕੀ ਯੋਗ ਮੀਟਿੰਗ ਸੀ।

**7.2 ਬੰਗਲੌਰ ਚੋਟੀ ਕਾਨਫਰੰਸ 17 ਨਵੰਬਰ, 1986 (Banglore Summit 17 November, 1986)**

17 ਨਵੰਬਰ, 1986 ਦਾ ਬੰਗਲੌਰ ਵਿਚ ਹੋਇਆ ਸਿਖਰ ਸੰਮੇਲਨ ਬੜੇ ਹੀ ਆਸ਼ਾ ਪੂਰਨ ਵਾਤਾਵਰਣ ਦੇ ਵਿਚ ਸ਼ੁਰੂ ਹੋਇਆ। ਇਹ ਸੰਮੇ ਲਨ ਦੋ ਦਿਨ ਚਲਿਆ। ਇਸ ਦੇ ਵਿਚ ਖੇਤਰੀ ਸਹਿਯੋਗ ਦਾ ਵਿਸਥਾਰ ਕਰਨਾ ਅਤੇ ਸਾਂਝੀਆਂ ਮੁਸ਼ਕਲਾਂ ਦੇ ਹੱਲ ਲਈ ਨਵੀਆਂ ਨੀਤੀਆਂ ਬਨਾਉਣ ਦੇ ਮਸਲੇ ਤੇ ਸਹਿਮਤੀ ਪ੍ਰਗਟ ਕੀਤੀ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ 1986-87 ਇਸ ਸਾਰਕ ਸੰਮੇ ਲਨ ਦੇ ਮੁੱਖੀ ਬਣੇ। ਉਨ੍ਹਾਂ ਨੂੰ ਮੁਖੀ ਦਾ ਅਹੁਦਾ ਬੰਗਲਾ ਦੇਸ਼ ਦੇ ਰਾਸ਼ਟਰਪਤੀ ਸ੍ਰੀ ਐਚ.ਐਮ. ਇਰਸ਼ਰਾਦ ਨੇ ਸੌਂਪਿਆ। ਮੁਖੀ ਦਾ ਪਦ ਸੰਭਾਲਦੇ ਹੋਏ ਸ੍ਰੀ ਗਾਂਧੀ ਨੇ ਸਾਰਕ ਨੂੰ ਸਫਲ ਬਣਾਉਣ ਦੇ ਲਈ ਸਭ ਰਾਸ਼ਟਰਾਂ ਦੀ ਭਾਵਨਾ ਦਾ ਸਮਰਥਨ ਕੀਤਾ।

ਇਸ ਸੰਮੇਲਨ ਨੂੰ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਨੂੰ ਬੰਦ ਕਰਨ ਦੇ ਲਈ ਅਤੇ ਨਸ਼ੇ ਦੀ ਬੁਰਾਈ ਨੂੰ ਖਤਮ ਕਰਨ ਦੇ ਲਈ ਅਤੇ ਇਸਤਰੀਆਂ ਨੂੰ ਤਰੱਕੀ ਦੇ ਵਿਚ ਸ਼ਾਮਲ ਕਰਨ ਦੇ ਲਈ ਤਕਨੀਕੀ ਕਮੇਟੀ ਦਾ ਨਿਰਮਾਣ ਕੀਤਾ ਗਿਆ। ਇਸ ਤਰ੍ਹਾਂ ਇਨ੍ਹਾਂ ਦੋਵਾਂ ਖੇਤਰਾਂ ਨੂੰ ਵੀ ਸਾਰਕ ਦੇ ਅਧਿਕਾਰ ਖੇਤਰ ਦੇ ਵਿਚ ਸ਼ਾਮਲ ਕਰ ਲਿਆ ਗਿਆ। ਇਸ ਸੰਮੇਲਨ ਵਿਚ ਸਾਰਕ ਦੇ ਯਤਨਾਂ ਨੂੰ ਪੰਜ ਨਵੀਆਂ ਦਿਸ਼ਾਵਾਂ ਵਿਚ ਵਿਸਥਾਰ ਕਰਨ ਦੀ ਪ੍ਰਵਾਨਗੀ ਦਿਤੀ ਗਈ ਜਿਹੜੇ ਕਿ ਦੱਖਣ ਏਸ਼ੀਆਈ ਆਕਾਸ਼ਵਾਣੀ ਪ੍ਰੋਗਰਾਮ, ਸੈਰ ਸਪਾਟੇ ਨੂੰ ਵਧਾਉਣਾ, ਵਿਦਿਆਰਥੀਆਂ ਅਤੇ ਵਿਦਵਾਨਾਂ ਨੂੰ ਸਹੂਲਤਾਂ ਦੇਣੀਆਂ ਅਤੇ ਨੌਜਵਾਨਾਂ ਦੇ ਆਦਰਸ਼ਵਾਦ ਨੂੰ ਕੰਮ ਵਿਚ ਲਿਆਉਣਾ ਸ਼ਾਮਲ ਹਨ। ਇਸ ਸਿਖਰ ਸੰਮੇਲਨ ਵਿਚ ਰਾਜਨੀਤਿਕ ਅਤੇ ਆਰਥਿਕ ਪ੍ਰਸਤਾਵਾਂ ਦੇ ਇਕ ਪੱਤਰ ਨੂੰ ਵੀ ਅਪਣਾਇਆ ਗਿਆ ਕਿ ਉਹ ਆਪਣੇ ਖੇਤਰ ਨੂੰ ਦੂਸਰੇ ਦੇਸ਼ ਵਿਰੁੱਧ ਕੀਤੇ ਜਾ ਰਹੇ ਅਤਿਵਾਦ ਵਿਰੁੱਧ ਨਾ ਵਰਤਣ ਦੇਣ। ਸਾਰਕ ਦੇ ਮੈਂਬਰ ਦੇਸ਼ਾਂ ਵਿਚਕਾਰ ਅਤਿਵਾਦ ਨੂੰ ਖਤਮ ਕਰਨ ਅਤੇ ਇਸ ਦੇ ਵਿਰੁੱਧ ਕਾਰਵਾਈ ਕਰਨ ਲਈ ਵੀ ਸਮਰਥਨ ਹੋ ਗਿਆ। ਇਸ ਸੰਮੇਲਨ ਨੇ ਮਹਾ ਸ਼ਕਤੀਆਂ ਨੂੰ ਸ਼ਾਂਤੀ ਬਣਾਈ ਰੱਖਣ ਦੇ ਲਈ ਕਾਰਗਰ ਕਦਮ ਚੁੱਕਣ ਲਈ ਵੀ ਕਿਹਾ ਗਿਆ।

ਸੰਸਾਰ ਦੇ ਆਰਥਿਕ ਸੰਕਟ ਬਾਰੇ ਖਾਸ ਕਰ ਵਿਕਾਸਸ਼ੀਲ ਦੇਸ਼ਾਂ ਦੇ ਉਪਰ ਕਰਜੇ ਦੇ ਭਾਰੀ ਬੋਝ ਦੇ ਬਾਰੇ ਗੱਲਬਾਤ ਕਰਦੇ ਹੋਏ ਸਾਰਕ ਦੇਸ਼ਾਂ ਨੇ ਇਸ ਗੱਲ ਦਾ ਸਮਰਥਨ ਕੀਤਾ ਅੰਤਰਰਾਸ਼ਟਰੀ ਕਾਨਫਰੰਸਾਂ ਅਤੇ ਸੰਸਥਾਵਾਂ ਦੇ ਨਾਲ ਵੱਡੇ ਪੈਮਾਨੇ ਤੇ ਘੱਟ ਦਰ ਤੇ ਕਰਜ਼ਾ ਸਹਾਇਤਾ ਲੈਣ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਨਿਯਮਤ ਰੂਪ ਵਿਚ ਸਲਾਹ ਮਸ਼ਵਰਾ ਅਤੇ ਸਹਿਯੋਗ ਦਿਤਾ ਜਾਵੇ। ਉਨ੍ਹਾਂ ਨੇ ਨਿਤ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿਚ ਸਥਿਰਤਾ, ਤਕਨੀਕ ਦੀ ਅਦਲਾ-ਬਦਲੀ ਅਤੇ ਇਹ ਵੀ ਯਕੀਨੀ ਬਣਾਉਣਾ ਸੀ ਕਿ ਸਾਰਕ ਵਲੋਂ ਘੱਟ ਉੱਨਤ ਦੇਸ਼ਾਂ ਦੀ ਖਾਸ ਤੌਰ ਤੇ ਮਦਦ ਕੀਤੀ ਜਾਵੇ।

ਇਸ ਚੋਟੀ ਕਾਨਫਰੰਸ ਨੇ ਸਾਰਕ ਦੇ ਸੰਸਥਾਕਰਨ ਦਾ ਖਾਸ ਕਦਮ ਚੁਕਿਆ ਉਹ ਸੀ ਸਾਰਕ ਦਾ ਪੱਕਾ ਸੈਕਟਰੀਏਟ ਸਥਾਪਿਤ ਕਰਨਾ। ਇਸ ਸੈਕਟਰੀਏਟ ਨੇ ਕਾਠਮੰਡੂ ਵਿਚ 16 ਜਨਵਰੀ, 1987 ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬੰਗਲਾ ਦੇਸ਼ ਦੇ ਮਿਸਟਰ

ਅਬਦੁਲ ਹਸਨ ਪਹਿਲੇ ਜਨਰਲ ਸੈਕਟਰੀ ਨਿਯੁਕਤ ਕੀਤੇ ਗਏ। ਸੈਕਟਰੀ ਜਨਰਲ ਸੈਕਟਰੀਏਟ ਦਾ ਮੁੱਖੀ ਸੀ। ਜਿਸ ਦੇ ਵਿਚ ਕੌਂਸਲਰ ਦੇ ਪੱਧਰ ਤੇ ਸੱਤ ਡਾਇਰੈਕਟਰ ਹੁੰਦੇ ਸਨ। ਇਹ ਡਾਇਰੈਕਟਰ ਹਰੇਕ ਦੇਸ਼ ਵਲੋਂ ਇਕ ਹੁੰਦਾ ਸੀ। ਸੈਕਟਰੀ ਜਨਰਲ ਦੀ ਅਵਧੀ ਦੋ ਸਾਲਾਂ ਦੀ ਹੁੰਦੀ ਸੀ ਜਿਸ ਵਿਚ ਕੋਈ ਵਾਧਾ ਨਹੀਂ ਕੀਤਾ ਜਾ ਸਕਦਾ ਸੀ। ਪਹਿਲੇ ਸੈਕਟਰੀ ਨੂੰ ਤਕਰੀਬਨ ਢਾਈ ਸਾਲ ਦਾ ਸਮਾਂ ਦਿਤਾ ਗਿਆ ਕਿਉਂਕਿ ਕੰਮ ਅਜੇ ਸ਼ੁਰੂ ਕਰਨਾ ਸੀ। ਭਵਿੱਖ ਦੇ ਵਿਚ ਸੈਕਟਰੀ ਜਨਰਲ ਦੀ ਨਿਯੁਕਤੀ ਮੈਂਬਰਾਂ ਦੇਸ਼ਾਂ ਵਿਚ ਵਰਣਾਤਮਕ (Alfabetical) ਹੋਣੀ ਸੀ। ਸਾਰਕ ਦਾ ਸੰਸਥਾਕਰਨ ਕਰਨਾ ਇਕ ਬਹੁਤ ਹੀ ਵੱਡੀ ਪ੍ਰਾਪਤੀ ਸੀ ਕਿਉਂਕਿ ਉਦੋਂ ਤਕ ਕੋਈ ਵੀ ਸੰਗਠਨ ਉਦੋਂ ਤੱਕ ਠੀਕ ਕੰਮ ਨਹੀਂ ਸੀ ਕਰ ਸਕਦਾ ਜਦੋਂ ਤੱਕ ਉਸ ਨੂੰ ਸਹੀ ਪ੍ਰਬੰਧ ਨਾ ਮਿਲੇ।

7.3 **ਕਾਠਮੰਡੂ ਚੋਟੀ ਕਾਨਫਰੰਸ 3-5 ਨਵੰਬਰ, 1987 (Kathmandu Summit, 3-5 November, 1987)** : ਇਹ ਸਿਖਰ ਕਾਨਫਰੰਸ 3-5 ਨਵੰਬਰ, 1987 ਨੂੰ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਹੋਈ। ਇਸ ਚੋਟੀ ਕਾਨਫਰੰਸ ਵਿਚ ਨੇਪਾਲ ਦੇ ਰਾਜਾ ਬਰਿੰਦਰ ਬੀਰ ਬਿਕਰਮ ਬੀਰ ਸਾਹ ਸਾਰਕ ਦੇ ਚੇਅਰਮੈਨ ਬਣੇ। ਇਸ ਚੋਟੀ ਕਾਨਫਰੰਸ ਦੇ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਖਾਨ, ਭੂਟਾਨ ਦੇ ਰਾਜਾ ਜਿਗਮੇ ਸਿੰਗ ਵੇਂਗਚੁੱਕ ਨੇ ਦੱਖਣ ਏਸ਼ੀਆ ਖੇਤਰ ਵਿਚ ਪ੍ਰਮਾਣੂ ਮਸਲਿਆਂ ਸੰਬੰਧੀ ਕੋਈ ਵਿਆਪਕ ਪ੍ਰਬੰਧ ਕਰਨ ਬਾਰੇ ਕਿਹਾ। ਭੂਟਾਨ ਦੇ ਰਾਜਾ ਨੇ ਕਿਹਾ ਪ੍ਰਮਾਣੂ ਹਥਿਆਰਾਂ ਦਾ ਇਸ ਖੇਤਰ ਵਿਚ ਵਧਣਾ ਠੀਕ ਨਹੀਂ ਹੈ ਅਤੇ ਨਾਲ ਹੀ ਉਸਨੇ ਸੰਸਾਰਕ ਨਿਸ਼ਸਤਰੀਕਰਨ ਦੀ ਲੋੜ ਤੇ ਜ਼ੋਰ ਦਿੱਤਾ। ਬੰਗਲਾ ਦੇਸ਼ ਦੇ ਰਾਸ਼ਟਰਪਤੀ ਇਰਸ਼ਾਦ ਨੇ ਕਿਹਾ ਕਿ ਹਿਮਾਲਾ ਪਰਬਤ ਦੇ ਪਾਣੀਆਂ ਨੂੰ ਕਾਬੂ ਕਰਨ ਦੇ ਲਈ ਕੋਈ ਬਹੁ-ਪੱਖੀ ਸਕੀਮ ਬਣਾਉਣੀ ਚਾਹੀਦੀ ਹੈ ਜਿਹੜਾ ਕਈ ਵਾਰ ਦੱਖਣ ਏਸ਼ੀਆਈ ਦੇਸ਼ਾਂ ਦੇ ਲੋਕਾਂ ਲਈ ਵੱਡੀਆਂ ਕੁਦਰਤੀ ਆਫਤਾਂ ਦਾ ਕਾਰਨ ਬਣਦਾ ਹੈ। ਮਾਲਦੀਪ ਦੇ ਰਾਸ਼ਟਰਪਤੀ ਮੁਹੰਮਦ ਅਬਦੁਲ ਗਯੂਮ ਨੇ ਖਾੜੀ ਵਿਚ ਤਨਾਅ ਉਤੇ ਚਿੰਤਾ ਪ੍ਰਗਟ ਕੀਤੀ ਅਤੇ ਉਸਨੇ ਉਮੀਦ ਪ੍ਰਗਟ ਕੀਤੀ ਕਿ ਇਹ ਮੁਸ਼ਕਲ ਜਲਦੀ ਹੱਲ ਹੋ ਜਾਵੇਗੀ। ਉਸਨੇ ਇਹ ਵੀ ਕਿਹਾ ਇਕ ਪਾਸੇ ਵਿਸ਼ਵ ਦੀ ਆਰਥਿਕ ਅਤੇ ਰਾਜਨੀਤਿਕ ਹਾਲਤ ਸਾਡੇ ਹੌਂਸਲਿਆਂ ਨੂੰ ਘਟਾਉਂਦੀ ਹੈ ਅਤੇ ਦੂਜੇ ਪਾਸੇ ਮਹਾਂ ਸ਼ਕਤੀਆਂ ਦੀ ਦੱਖਣ-ਏਸ਼ੀਆ ਵਿਚ ਦਖਲ ਅੰਦਾਜ਼ੀ ਨੁਕਸਾਨ ਦੇਹ ਹੈ।

ਸਾਰਕ ਦੀ ਇਕ ਚੋਟੀ ਕਾਨਫਰੰਸ ਦੇ ਅੰਤ ਵਿਚ ਸਾਰਕ ਦੇ ਨੇਤਾਵਾਂ ਨੇ ਉਮੀਦ ਪ੍ਰਗਟ ਕੀਤੀ ਕਿ ਕਾਠਮੰਡੂ ਦਾ ਇਹ ਐਲਾਨ ਨਾਮਾ ਦੱਖਣੀ-ਏਸ਼ੀਆ ਦੇ ਦੇਸ਼ਾਂ ਵਿਚ ਸ਼ਾਂਤੀ, ਦੋਸਤੀ ਅਤੇ ਸਹਿਯੋਗ ਦਾ ਵਾਤਾਵਰਣ ਬਣਾਏਗਾ। ਉਸ ਨੇ ਉਮੀਦ ਪ੍ਰਗਟ ਕੀਤੀ ਕਿ ਅਗਲੀ ਚੋਟੀ ਕਾਨਫਰੰਸ ਦੱਖਣ ਏਸ਼ੀਆਈ ਲੋਕਾਂ ਦੀਆਂ ਲੋੜਾਂ ਅਤੇ ਇੱਛਾਵਾਂ ਦੇ ਮੁਤਾਬਿਕ ਖੇਤਰ ਨੂੰ ਸਹਿਯੋਗ ਵੱਲ ਲਿਜਾਏਗਾ।

**7.4 ਇਸਲਾਮਾਬਾਦ ਚੋਟੀ ਕਾਨਫਰੰਸ 29-31 ਦਸੰਬਰ, 1988 (Islamabad Summit 29-31 December, 1988)** : ਸਾਰਕ ਸੰਗਠਨ ਦੀ ਚੋਟੀ ਕਾਨਫਰੰਸ 29-31 ਦਸੰਬਰ, 1988 ਨੂੰ ਇਸਲਾਮਾਬਾਦ ਵਿਚ ਹੋਈ। ਇਸ ਚੋਟੀ ਕਾਨਫਰੰਸ ਵਿਚ ਆਪਣੀ ਆਰਥਿਕਤਾ ਨੂੰ ਸੁਧਾਰਨ ਦੇ ਲਈ ਫੈਸਲਾਕੁਨ ਕਦਮ ਉਠਾਉਣ ਦੀ ਲੋੜ ਤੇ ਜ਼ੋਰ ਦਿਤਾ ਗਿਆ। ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁਟੋ ਸਾਰਕ ਦੀ ਚੇਅਰਮੈਨ ਚੁਣੀ ਗਈ। ਇਸ ਦਾ ਉਦਘਾਟਨ ਕਰਦੇ ਸਮੇਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਹਥਿਆਰਾਂ ਤੇ ਖਰਚ ਘਟਾਉਣੇ ਚਾਹੀਦੇ ਹਨ ਅਤੇ ਹਥਿਆਰਾਂ ਦੀ ਦੌੜ ਅਤੇ ਲੜਾਈ ਦਾ ਡਰ ਘਟਾਉਣ ਦੇ ਲਈ ਸਾਨੂੰ ਖੇਤਰੀ ਹੱਲ ਲੱਭਣੇ ਚਾਹੀਦੇ ਹਨ। ਇਸ ਤੋਂ ਬਿਨਾਂ ਇਸਲਾਮਾਬਾਦ ਚੋਟੀ ਕਾਨਫਰੰਸ ਵਿਚ ਮੈਂਬਰ ਦੇਸ਼ਾਂ ਨੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਸਹਿਯੋਗ ਬਨਾਉਣ ਲਈ ਸੁਝਾਅ ਦਿੱਤੇ ਗਏ।

ਇਸਲਾਮਾਬਾਦ ਦੇ ਘੋਸ਼ਣਾ ਪੱਤਰ ਦੇ ਮੁਤਾਬਕ ਇਸ ਚੋਟੀ ਕਾਨਫਰੰਸ ਦੇ ਵਿਚ ਨਸ਼ੀਲੀਆਂ ਵਸਤੂ ਦੀ ਵੱਧਦੀ ਤਸਕਰੀ ਜਿਸ ਦੇ ਕਾਰਨ ਇਸ ਖੇਤਰ ਵਿਚ ਕਿੰਨੀਆਂ ਹੀ ਮੁਸ਼ਕਲਾਂ ਪੈਦਾ ਹੋ ਗਈਆਂ ਸਨ, ਨੂੰ ਰੋਕਣ ਦੇ ਸਖਤ ਕਦਮ ਉਠਾਉਣ ਤੇ ਵੀ ਸਹਿਮਤੀ ਪ੍ਰਗਟ ਹੋ ਗਈ। ਇਸ ਤੋਂ ਬਿਨਾਂ ਮੁੱਢਲੀਆਂ ਲੋੜਾਂ ਜਿਵੇਂ ਭੋਜਨ, ਕਪੜਾ ਅਤੇ ਮਕਾਨ ਆਦਿ ਨੂੰ ਸੰਨ 2000 ਤਕ ਪੂਰਿਆਂ ਕਰਨ ਦੇ ਲਈ ਨਿਸ਼ਾਨਾ ਮਿਥਿਆ ਗਿਆ।

7.5 **ਮਾਲੇ ਚੋਟੀ ਕਾਨਫਰੰਸ ਨਵੰਬਰ, 1990 (Male Summit November, 1990)** : ਸਾਰਕ ਦਾ ਪੰਜਵਾਂ ਸਿਖਰ ਸੰਮੇਲਨ ਨਵੰਬਰ, 1990 ਵਿਚ ਮਾਲਦੀਪ ਦੀ ਰਾਜਧਾਨੀ ਮਾਲੇ ਵਿਚ ਹੋਇਆ। ਇਸ ਸੰਮੇਲਨ ਵਿਚ ਨਸ਼ੀਲੀਆਂ ਦਵਾਈਆਂ ਦੀ ਤਸ਼ਕਰੀ ਨੂੰ ਠੱਲ ਪਾਉਣ ਦੇ ਲਈ ਸਮਝੌਤੇ ਤੇ ਦਸਖਤ ਹੋਏ। ਇਸ ਤੋਂ ਬਿਨਾਂ ਆਰਥਿਕ ਸਹਿਯੋਗ, ਬਾਇਉ ਟੈਕਨੋਲਜੀ, ਵਾਤਾਵਰਣ ਅਤੇ ਸੈਰ ਸਪਾਟਾ ਆਦਿ ਵਧਾਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ। ਇਸ ਸਿਖਰ ਸੰਮੇਲਨ ਵਿਚ ਚਾਰ ਦੇਸ਼ਾਂ ਦੇ ਨਵੇਂ ਮੰਤ੍ਰੀਆਂ ਨੇ ਪਹਿਲੀ ਵਾਰ ਭਾਗ ਲਿਆ ਸੀ ਭਾਰਤ ਦੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਖੇਤਰੀ ਪ੍ਰਾਜੈਕਟਾਂ ਲਈ ਫੰਡ ਇਕੱਠਾ

ਕਰਨ ਲਈ ਕਿਹਾ। ਇਥੇ ਜਾਰੀ ਕੀਤੇ ਗਏ ਘੋਸ਼ਣਾ ਪੱਤਰ ਵਿਚ ਵੀ ਨਸ਼ੀਲੀਆਂ ਵਸਤੂਆਂ ਦੀ ਤਸਕਰੀ, ਅੰਤਰ-ਰਾਸ਼ਟਰੀ ਹਥਿਆਰ ਵਪਾਰ ਅਤੇ ਵਧਦੀਆਂ ਅਤਿਵਾਦ ਦੀਆਂ ਘਟਨਾਵਾਂ ਤੇ ਸਾਰਕ ਨੇ ਗੰਭੀਰ ਨੋਟਿਸ ਲਿਆ। ਇਸ ਕਾਨਫਰੰਸ ਦੇ ਚੇਅਰਮੈਨ ਮਾਲਦੀਪ ਦੇ ਰਾਸ਼ਟਰਪਤੀ ਮਮੂਨ ਅਬਦੁਲ ਗਯੂਮ ਨੇ ਪ੍ਰੈਸ ਕਾਨਫਰੰਸ ਵਿਚ ਦਸਿਆ ਕਿ ਸਾਰਕ ਦੇ ਨੇਤਾ ਨੂੰ ਕਾਰਜਕਾਰੀ ਪਹੁੰਚ ਦੇਣ ਤੇ ਸਹਿਮਤ ਹਨ। ਉਸ ਨੇ ਸੈਰ ਸਪਾਟੇ ਲਈ ਸੰਸਥਾਕਰਨ ਕਰਨ ਦੇ ਲਈ ਵੀ ਕਿਹਾ ਤਾਂ ਕਿ ਇਸ ਖੇਤਰ ਵਿਚ ਬਾਹਰ ਆਉਣ ਵਾਲੇ ਯਾਤਰੀਆਂ ਦਾ ਧਿਆਨ ਇਸ ਖਤਰੇ ਵੱਲ ਖਿਚਿਆ ਜਾ ਸਕੇ।

ਇਸ ਚੋਟੀ ਕਾਨਫਰੰਸ ਵਿਚ ਤਿੰਨ ਵੱਖਰੋ-ਵੱਖਰੀਆਂ ਥਾਵਾਂ ਲਈ ਤਿੰਨ ਸੰਸਥਾਵਾਂ ਲਈ ਮਨਜ਼ੂਰੀ ਦਿਤੀ ਗਈ ਉਹ ਸਨ, ਮਨੁੱਖੀ ਸਾਧਨ ਤਰੱਕੀ ਕੇਂਦਰ, ਇਸਲਾਮਾਬਾਦ (The Human Resources Development Centre at Islamabad), ਖੇਤਰੀ ਤਪੇਦਿਕ ਰੋਗਾਂ ਬਾਰੇ ਕੇਂਦਰ ਕਾਠਮੰਡੂ (The Regional Tuberculosis Centre at Kathmandu), ਖੇਤਰੀ ਦਸਤਾਵੇਜ ਕੇਂਦਰ, ਨਵੀਂ ਦਿੱਲੀ (The Regional Documentation Centre at New Delhi), ਇਹ ਚੋਟੀ ਕਾਨਫਰੰਸ ਨੇ 1991 ਨੂੰ ਸਾਰਕ ਵਸੇਵਾ ਦਾ ਸਾਲ (SAARC Year of Environment) ਅਤੇ 1993 ਨੂੰ ਸਰੀਰਕ ਤੌਰ ਤੇ ਆਯੋਗ ਵਿਅਕਤੀਆਂ ਲਈ (SAARC Year of Disabled) ਵੀ ਨਿਰਧਾਰਿਤ ਕੀਤੇ। ਮਾਲੇ ਵਿਚ ਸੱਤਾਂ ਦੇਸ਼ ਦੇ ਮੁੱਖੀਆਂ ਨੇ ਸ਼ਾਂਤੀ, ਸਥਿਰਤਾ, ਮਿੱਤਰਤਾ ਅਤੇ ਤਰੱਕੀ ਨੂੰ ਕਾਇਮ ਰੱਖਣ ਲਈ ਵੀ ਇੱਛਾ ਪ੍ਰਗਟ ਕੀਤੀ। ਇਨ੍ਹਾਂ ਮੁੱਖੀਆਂ ਨੇ ਸੰਯੁਕਤ ਰਾਸ਼ਟਰ ਸੰਘ ਦੇ ਸਿਧਾਂਤਾਂ ਅਤੇ ਗੁੱਟ-ਨਿਰਪੱਖ ਲਹਿਰ ਦੇ ਉਦੇਸ਼ਾਂ ਵਿਚ ਵੀ ਆਪਣਾ ਵਿਸ਼ਵਾਸ ਦਿਖਾਇਆ। ਚੋਟੀ ਕਾਨਫਰੰਸ ਨੇ ਸੂਚਨਾ ਸਾਂਝੀਕਰਨ ਦੇ ਲਈ ਪ੍ਰਕਾਸ਼ਿਤ ਕਰਨ ਲਈ ਅਧਿਕਾਰ ਦੇ ਦਿੱਤਾ। ਕਾਨਫਰੰਸ ਵਿਚ ਅੰਤਰ-ਰਾਸ਼ਟਰੀ ਆਰਥਿਕ ਮਾਮਲਿਆਂ ਤੇ ਦਿੱਲੀ ਵਿਚ ਮੀਟਿੰਗ ਕਰਨ ਦੀ ਵੀ ਪ੍ਰਵਾਨਗੀ ਹੋ ਗਈ। ਛੇਵੀਂ ਕਾਨਫਰੰਸ ਕੋਲੰਬੋ ਵਿਚ ਕਰਨ ਦੀ ਸ੍ਰੀ ਲੰਕਾ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਗਿਆ।

**7.6 ਕੋਲੰਬੋ ਚੋਟੀ ਕਾਨਫਰੰਸ 21 ਦਸੰਬਰ, 1991 (Colombo Summit 21 December, 1991)** : ਸਾਰਕ ਦੇਸ਼ਾਂ ਦੀ ਛੇਵੀਂ ਚੋਟੀ ਕਾਨਫਰੰਸ 21 ਦਸੰਬਰ, 1991 ਨੂੰ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਹੋਈ ਇਸ ਦੀ ਪ੍ਰਧਾਨਗੀ ਸ੍ਰੀ ਲੰਕਾ ਦੇ ਰਾਸ਼ਟਰਪਤੀ ਰਣਸਿੰਗ ਪ੍ਰੇਮਦਾਸਾ ਨੇ ਕੀਤੀ। ਇਸ ਚੋਟੀ ਕਾਨਫਰੰਸ ਵਿਚ ਸਾਰਕ ਦੇਸ਼ਾਂ ਦੇ ਖੇਤਰਾਂ ਵਿਚ ਵਪਾਰ ਨੂੰ ਨਰਮ ਕਰਨ ਪ੍ਰਤੀ ਸਹਿਮਤ ਹੋ ਗਏ। ਇਸ ਮੀਟਿੰਗ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੀ. ਵੀ. ਨਰਸਿਮਾ ਰਾਓ ਨੇ ਸਾਂਝੇ ਆਰਥਿਕ ਸੁਰੱਖਿਆ ਢਾਂਚੇ"(Collective Economic Security System) ਦੀ ਪੇਸ਼ਕਸ਼ ਵੀ ਕੀਤੀ। ਇਸ ਕਾਨਫਰੰਸ ਵਿਚ ਅਤਿਵਾਦ, ਜੋ ਦੱਖਣ ਏਸ਼ੀਆ ਦੇ ਦੇਸ਼ਾਂ ਵਿਚ ਕਾਫੀ ਵੱਧ ਚੁੱਕਾ ਸੀ, ਨੂੰ ਦਬਾਉਣ ਦੇ ਲਈ ਆਪਸੀ ਸਹਿਯੋਗ ਦੀ ਲੋੜ ਤੇ ਵੀ ਜ਼ੋਰ ਦਿੱਤਾ ਗਿਆ। ਸੱਤਾਂ ਦੇਸ਼ਾਂ ਦੇ ਮੁੱਖੀ 1997 ਤੱਕ ਤਰਜੀਹੀ ਆਧਾਰ ਤੇ ਵਪਾਰਕ ਸਮਝੌਤੇ ਕਰਨ ਦੀ ਹਾਲਤ ਘੋਖਣ ਲਈ ਤਿਆਰ ਹੋ ਗਏ। ਉਹ ਵਪਾਰ ਸੰਬੰਧੀ ਅਗਲੀ ਮੀਟਿੰਗ ਕੋਲੰਬੋ ਵਿਚ ਕਰਨ ਤੇ ਵੀ ਸਹਿਮਤ ਹੋ ਗਏ। ਘੋਸ਼ਣਾ ਪੱਤਰ ਮੁੱਢਲੀ ਸਿੱਖਿਆ ਵਧਾਉਣ ਦੀ ਲੋੜ ਤੇ ਵੀ ਜ਼ੋਰ ਦਿਤਾ ਅਤੇ ਸਾਰੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਦੇਣ ਦੇ ਲਈ ਸੰਨ 2000 ਤਕ ਦਾ ਨਿਸ਼ਾਨਾ ਮਿਥਿਆ ਗਿਆ। ਇਸ ਚੋਟੀ ਕਾਨਫਰੰਸ ਨੇ ਵਾਤਾਵਰਣ ਨੂੰ ਸਾਫ ਰਖਣ ਦੇ ਲਈ ਜਲਦੀ ਜਲਦੀ ਹੋਰ ਸਹਿਯੋਗ ਦੀ ਲੋੜ ਤੇ ਜ਼ੋਰ ਦਿਤਾ ਗਿਆ। ਇਸ ਮਸਲੇ ਨੂੰ ਅਮਲੀ ਰੂਪ ਦੇਣ ਲਈ ਮੰਤਰੀਆਂ ਦੀ ਕੌਂਸਲ ਨੂੰ ਇਕ ਅਧਿਐਨ ਕਮੇਟੀ ਬਨਾਉਣ ਦੇ ਲਈ ਵੀ ਕਿਹਾ ਗਿਆ।

ਭੂਟਾਨ ਦੇ ਰਾਜਾ ਜਿਸ ਦੇ ਕਾਰਨ ਸਾਰਕ ਦੀ ਚੋਟੀ ਕਾਨਫਰੰਸ ਨਿਸ਼ਚਿਤ ਤਾਰੀਖ ਤੋਂ ਕੁਝ ਅੱਗੇ ਪਾਉਣੀ ਪਈ ਨੇ ਇਸ ਲਈ ਮੁਆਫੀ ਮੰਗੀ। ਸਾਰਕ ਦਾ ਇਹ ਸਿਖਰ ਸੰਮੇਲਨ ਇਸੇ ਐਲਾਨ ਦੇ ਨਾਲ ਖਤਮ ਹੋ ਗਿਆ ਕਿ ਸਾਰਕ ਦਾ ਅਗਲਾ ਸੰਮੇਲਨ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਵਿਚ ਹੋਵੇਗਾ ਜਿਥੇ ਕਿ ਸਾਰਕ ਦਾ 1985 ਵਿਚ ਪਹਿਲਾ ਸੰਮੇਲਨ ਹੋਇਆ ਸੀ।

**7.7 ਸਾਰਕ ਦਾ ਸੱਤਵਾਂ ਸੰਮੇਲਨ (ਅਪ੍ਰੈਲ, 1993)** : ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ ਦਾ ਦੋ ਦਿਨਾਂ ਸਿਖਰ ਸੰਮੇਲਨ 10 ਅਪ੍ਰੈਲ, 1993 ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਵਿਚ ਹੋਇਆ। ਇਸ ਸੰਮੇਲਨ ਵਿਚ ਸੱਤਾਂ ਦੇਸ਼ਾਂ ਨੇ ਭਾਗ ਲਿਆ।

ਇਸ ਸੰਮੇਲਨ ਵਿਚ ਅੰਤਕਵਾਦ ਦੇ ਖਿਲਾਫ ਅਭਿਆਨ ਦੀ ਸ਼ੁਰੂਆਤ, ਆਪਸੀ ਆਰਥਿਕ ਸਹਿਯੋਗ ਦੀ ਘੋਸ਼ਣਾ ਪੱਤਰ ਅਤੇ ਦੱਖਣੀ ਏਸ਼ੀਆ ਵਿਚ ਪਹਿਲ ਦੇ ਆਧਾਰ ਤੇ ਵਪਾਰ ਸਮਝੌਤਿਆਂ ਦੀ ਮੰਜ਼ੂਰੀ ਲਈ ਸਾਰਕ ਸੰਮੇਲਨ ਦੀ ਸਮਾਪਤੀ ਹੋਈ। ਇਸ ਵਿਚ

ਭਾਰਤ ਦੇ ਪ੍ਰਧਾਨ ਮੰਤਰੀ ਨੇ ਦੱਖਣ ਏਸ਼ੀਆਈ ਪੜੋਸੀ ਮੁਲਕਾਂ ਵਿਚਕਾਰ ਖੇਤਰੀ ਵਪਾਰ ਨੂੰ ਹੌਲੀ ਹੌਲੀ ਉਦਾਰ ਬਣਾਉਣ ਸੰਬੰਧੀ ਕਿਹਾ ਅਤੇ ਢਾਕਾ ਘੋਸ਼ਣਾ ਪੱਤਰ ਸਵੀਕਾਰ ਕੀਤਾ ਗਿਆ। ਇਸ ਦੇ ਨਾਲ ਹੀ ਦੱਖਣੀ ਏਸ਼ੀਆਈ ਵਰੀਅਤ ਵਪਾਰ ਸਮਝੌਤੇ SAPTA (South Asian Preferential Trade Agreement) ਨੂੰ ਮੰਜ਼ੂਰੀ ਦਿਤੇ ਜਾਣ ਨਾਲ ਦੱਖਣੀ ਏਸ਼ੀਆ ਵਿਚ ਆਰਥਿਕ ਸਹਿਯੋਗ ਦੇ ਨਵੇਂ ਯੁਗ ਦੀ ਸ਼ੁਰੂਆਤ ਹੋਈ। SAPTA ਦਾ ਮੁੱਖ ਉਦੇਸ਼ ਦਖਣੀ ਏਸ਼ੀਆਈ ਮੁਲਕਾਂ ਵਿਚ ਵਪਾਰ ਸਬੰਧੀ ਮੁਸ਼ਕਲਾਂ ਨੂੰ ਹਲ ਕਰਨਾ ਹੈ। ਇਸ ਢਾਕਾ ਘੋਸ਼ਣਾ ਪੱਤਰ ਵਿਚ ਗਰੀਬੀ ਦੂਰ ਕਰਨ ਲਈ ਸਾਂਝੇ ਪ੍ਰੋਗਰਾਮ ਵੀ ਬਣਾਏ ਗਏ।

**7.8 ਸਾਰਕ ਦੀ ਅੱਠਵੀਂ ਚੋਟੀ ਕਾਨਫਰੰਸ—ਨਵੀਂ ਦਿੱਲੀ {-4 ਮਈ, 1995)** : ਸਾਰਕ ਦੀ ਪ੍ਰਗਤੀ ਵਿਚ, ਸਾਰਕ ਦੀ ਅੱਠਵੀਂ ਚੋਟੀ ਕਾਨਫਰੰਸ, ਇਕ ਹੋਰ ਮੀਲ ਪੱਥਰ ਹੈ। ਭਾਵੇਂ ਇਸ ਮੀਟਿੰਗ ਵਿਚ ਭਾਰਤ ਪਾਕਿਸਤਾਨ ਸੰਬੰਧਾਂ ਕਰਕੇ ਕਾਫੀ ਤਨਾਅ ਸੀ ਪਰ ਫਿਰ ਵੀ ਸੱਤਾਂ ਦੇਸ਼ਾਂ ਦੀ ਇਹ ਮੀਟਿੰਗ ਕਾਫੀ ਸਫਲ ਰਹੀ। ਇਸ ਕਾਨਫਰੰਸ ਨਾਲ ਸਾਰਕ ਨੇ ਆਪਣਾ ਇਕ ਦਹਾਕਾ ਪੂਰਾ ਕੀਤਾ ਅਤੇ ਇਹ ਵੀ ਮਹਿਸੂਸ ਕੀਤਾ ਗਿਆ ਕਿ ਸਾਰਕ ਨੇ ਅੰਤਰਰਾਸ਼ਟਰੀ ਰਾਜਨੀਤੀ ਵਿਚ ਆਪਣੀ ਇਕ ਜਗ੍ਹਾ ਬਣਾ ਲਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਸਾਰਕ ਦਾ ਪ੍ਰਧਾਨ ਚੁਣਿਆ ਗਿਆ। 'ਦੱਖਣੀ ਏਸ਼ੀਆਈ ਤਰਜੀਹੀ ਵਪਾਰ ਪ੍ਰਬੰਧ" (SAPTA) ਬਾਰੇ ਜੋ ਫੈਸਲਾ ਢਾਕਾ ਵਿਖੇ ਹੋਈ ਸਾਰਕ ਦੀ ਸੱਤਵੀਂ ਕਾਨਫਰੰਸ ਵਿਚ ਫੈਸਲਾ ਲਿਆ ਗਿਆ ਸੀ। 1995 ਵਿਚ ਉਸਨੂੰ ਮੰਜ਼ੂਰੀ ਦੇ ਦਿੱਤੀ ਗਈ ਅਤੇ ਇਹ (SAPTA) ਹੋਂਦ ਵਿਚ ਆ ਗਿਆ। ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਖਾਲਿਦਾ ਜਿਆ ਨੇ ਦੱਖਣੀ ਏਸ਼ੀਆਈ ਦੇਸ਼ਾਂ 'ਇਕ Family ਦਸਿਆ ਜਦੋਂ ਕਿ ਸ੍ਰੀ ਲੰਕਾ ਦੀ ਪ੍ਰਧਾਨ ਨੇ ਅੱਤਵਾਦ ਅਤੇ ਨਸ਼ੀਲੀ ਦਵਾਈਆਂ ਦੀ ਤਸਕਰੀ ਬਾਰੇ ਕਿਹਾ ਕਿ ਇਹ ਦੋਵੇਂ ਇਸ ਖੇਤਰ ਵਾਸਤੇ ਭਾਰੀ ਖਤਰਾ ਹਨ।

ਇਸ ਤੋਂ ਇਲਾਵਾ ਸ਼ਿਖਰ ਨੇਤਾਵਾਂ ਨੇ ਸਾਰਕ ਦੇ ਭਵਿੱਖ ਵਿਚ ਰੋਲ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ "ਦੱਖਣੀ ਏਸ਼ੀਆ ਖੁਲਾ ਵਪਾਰ ਖੇਤਰ' (South Asia Free Trade Area-SAFTA) ਬਾਰੇ ਵੀ ਗੱਲਬਾਤ ਕੀਤੀ। ਸਾਰੇ ਮੈਂਬਰਾਂ ਨੇ ਆਰਥਿਕ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਸਹਿਮਤੀ ਪ੍ਰਗਟ ਕੀਤੀ। ਇਸ ਤੋਂ ਇਲਾਵਾ ਆਪਸੀ ਸਹਿਯੋਗ ਦੁਆਰਾ ਸੰਨ 2002 ਤੱਕ ਅੱਤਵਾਦ ਅਤੇ ਗਰੀਬੀ ਨੂੰ ਖਤਮ ਕਰਨ ਦਾ ਟੀਚਾ ਮਿਥਿਆ। ਇਸ ਤੋਂ ਇਲਾਵਾ ਸਾਰਕ ਦੀ ਨੌਵੀਂ ਚੋਟੀ ਕਾਨਫਰੰਸ 1997 ਵਿਚ ਮਾਲਦੀਪ ਦੀ ਰਾਜਧਾਨੀ ਮਾਲੇ ਵਿਚ ਕਰਨ ਦਾ ਫੈਸਲਾ ਲਿਆ ਗਿਆ।

**7.9 ਸਾਰਕ ਦੀ ਨੌਵੀਂ ਮਾਲੇ ਚੋਟੀ ਕਾਨਫਰੰਸ---ਮਈ, 1997** : ਸਾਰਕ ਦੀ ਨੌਵੀਂ ਚੋਟੀ ਕਾਨਫਰੰਸ ਮਈ, 1997 ਵਿਚ ਮਾਲਦੀਪ ਦੀ ਰਾਜਧਾਨੀ ਮਾਲੇ ਵਿਖੇ ਹੋਈ। ਇਸ ਮੀਟਿੰਗ ਵਿਚ ਕਈ ਨਵੇਂ ਮੀਲ ਪੱਥਰ ਸਥਾਪਿਤ ਕੀਤੇ ਗਏ। ਸਭ ਤੋਂ ਵੱਡਾ ਫੈਸਲਾ ਇਹ ਲਿਆ ਗਿਆ ਕਿ ਦੱਖਣੀ ਏਸ਼ੀਆ ਨੂੰਖੁੱਲੇ ਵਪਾਰ ਦਾ ਖੇਤਰ SAFTA ਸੰਨ 2001 ਤੱਕ ਬਣਾ ਦਿੱਤਾ ਜਾਵੇਗਾ। ਜਿਸਦੇ ਨਾਲ ਦੱਖਣੀ ਏਸ਼ਿਆਈ ਦੇਸ਼ਾਂ ਦਾ ਆਪਸੀ ਵਪਾਰ ਅਗਲੇ ਪੰਜ ਸਾਲਾਂ ਵਿਚ 3% ਤੋਂ ਵੱਧ ਕੇ 10% ਹੋ ਜਾਵੇਗਾ। ਸਾਰਕ ਦੀ ਅਗਲੀ ਪ੍ਰਾਪਤੀ sub regional ਸਹਿਯੋਗ ਸੀ। ਪਾਕਿਸਤਾਨ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਪਾਕਿਸਤਾਨ ਇਕੱਲਾ ਪੈ ਜਾਵੇਗਾ। ਪਰ ਨੇਪਾਲ ਅਤੇ ਬੰਗਲਾ ਦੇਸ਼ ਜਿਨ੍ਹਾਂ ਦਾ ਭਾਰਤ ਨਾਲ ਦੋ ਪੱਖੀ ਵਪਾਰ ਅਤੇ ਸੰਬੰਧ ਹਨ, ਨੇ ਇਸ ਦਾ ਸਵਾਗਤ ਕੀਤਾ।

ਇਸ ਕਾਨਫਰੰਸ ਵਿਚ ਪਾਕਿਸਤਾਨ ਵਲੋਂ ਦਿਤੇ ਗਏ ਸੁਝਾਅ, ਕਿ ਸਾਰਕ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਅਤੇ ਆਪਸੀ ਸਹਿਯੋਗ ਵਧਾਉਣ ਲਈ ਪ੍ਰਮੁੱਖ ਵਿਅਕਤੀਆਂ ਦੇ Eminent Persons Group (EPG) ਗਰੁੱਪ ਦੀ ਸਥਾਪਨਾ ਕੀਤੀ ਜਾਵੇ, ਵੀ ਮੰਨ ਲਿਆ ਗਿਆ। ਇਸ ਮੀਟਿੰਗ ਵਿਚ ਆਰਥਿਕ ਅਤੇ ਵਪਾਰਕ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਵੀ ਫੈਸਲਾ ਲਿਆ ਗਿਆ ਅਤੇ ਗੈਰ-ਮਿਲਟਰੀ ਖਤਰਿਆਂ ਜਿਵੇਂ ਜੰਗਲਾਂ ਦਾ ਖਤਮ ਹੋਣਾ, ਗਰੀਬੀ, ਵਾਤਾਵਰਣ ਸੰਬੰਧੀ ਖਤਰਿਆਂ, ਬੱਚਿਆਂ ਅਤੇ ਔਰਤਾਂ ਦਾ ਪੱਧਰ ਚੁਕਣ ਬਾਰੇ ਵੀ ਗੱਲਬਾਤ ਕੀਤੀ ਗਈ।

ਸ੍ਰੀ ਲੰਕਾ ਦੀ ਪ੍ਰਧਾਨ ਕੁਮਾਰਾਤੁੰਗਾ ਨੇ ਸਾਰਕ ਦੀ ਕੋਈ ਜ਼ਿਆਦਾ ਪ੍ਰਗਤੀ ਨਾ ਹੋਣ ਕਾਰਣ ਇਸ ਗੱਲ ਤੇ ਚਿੰਤਾ ਪ੍ਰਗਟ ਕੀਤੀ ਕਿ ਇਸ ਲਈ ਮੈਂਬਰਾਂ ਦੀ ਜ਼ਰੂਰੀ ਰਾਜਨੀਤਿਕ ਇੱਛਾ ਦੀ ਘਾਟ ਹੈ ਅਤੇ ਇਹ ਸੁਝਾਅ ਦਿਤਾ ਕਿ ਸਮੱਸਿਆਵਾਂ ਦੇ ਹੱਲ ਲਈ ਸਾਰਕ ਨੇਤਾਵਾਂ ਮਿਲਦੇ ਰਹਿਣਾ ਚਾਹੀਦਾ ਹੈ।

**7.10 ਸਾਰਕ ਦਾ ਦਸਵਾਂ ਸ਼ਿਖਰ ਸੰਮੇਲਨ (ਜੁਲਾਈ 29-1998)** : ਸਾਰਕ ਦਾ ਦਸਵਾਂ ਸਿਖਰ ਸੰਮੇਲਨ ਕੋਲੰਬੋ ਵਿਚ ਕੀਤਾ ਗਿਆ। ਇਸ ਸੰਮੇਲਨ ਵਿਚ ਵਪਾਰ ਅਤੇ ਨਿਵੇਸ਼ ਦੇ ਮੁੱਖ ਆਰਥਿਕ ਖੇਤਰਾਂ ਵਿਚ ਸਹਿਯੋਗ

ਵਧਾਉਣ ਦੇ ਕਈ ਮਹੱਤਵਪੂਰਣ ਫੈਸਲੇ ਕੀਤੇ ਗਏ। ਦੱਖਣੀ ਏਸ਼ਿਆ ਵਿਚ ਮੁਕਤ ਵਪਾਰ ਨੂੰ ਰੋਕਣ, ਸਿੱਖਿਆ, ਸਿਹਤ, ਬੱਚਿਆਂ ਅਤੇ ਔਰਤਾਂ ਦੇ ਵਿਕਾਸ ਲਈ ਸਮਾਜਿਕ ਚਾਰਟਰ ਤਿਆਰ ਕਰਨ ਤੇ ਸਹਿਮਤੀ ਹੋਈ। ਖੇਤਰ ਵਿਚ ਗਰੀਬੀ ਦੀ ਸਮੱਸਿਆ ਤੇ ਵੀ ਵਿਚਾਰ ਕੀਤ ਗਿਆ ਅਤੇ 2002 ਤੱਕ ਗਰੀਬੀ ਖਤਮ ਕਰਨ ਦੀ ਗੱਲ ਕੀਤੀ ਗਈ।

**7.11 Council of Minister's meet March—1999-Sri Lanka**

ਸਾਰਕ ਦੇ ਮੰਤਰੀਆਂ ਦੀ ਕੌਂਸਿਲ ਦੀ 12ਵੀਂ ਇਕੱਤਰਤਾ ਮਾਰਚ 1999 ਵਿਚ ਸ੍ਰੀ ਲੰਕਾ ਵਿਚ ਹੋਈ ਜਿਸਦਾ ਉਦਘਾਟਨ ਸ੍ਰੀ ਲੰਕਾ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਚੰਦਰਿਕਾ ਕੁਮਾਰਾਤੁੰਗਾ ਨੇ ਕੀਤੀ। ਇਸ ਮੀਟਿੰਗ ਵਿਚ ਭਾਰਤ ਪਾਕਿਸਤਾਨ ਦੁਆਰਾ ਕੀਤੀ ਗਈ ਲਾਹੌਰ ਘੋਸ਼ਣਾ ਪੱਤਰ ਦਾ ਵੀ ਜ਼ਿਕਰ ਕੀਤਾ ਗਿਆ। ਇਸ ਵਿਚ ਪਾਕਿਸਤਾਨ ਨੇ ਕਸ਼ਮੀਰ ਮਸਲੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਜਿਸਦੇ ਜੁਆਬ ਵਿਚ ਭਾਰਤ ਨੇ ਕਿਹਾ ਕਿ ਇਹ ਮਸਲਾ ਦੋ ਪੱਖੀ ਹੈ ਤੇ ਇਸਨੂੰ ਸਾਰਕ ਵਿਚ ਨਹੀਂ ਉਠਾਇਆ ਜਾ ਸਕਦਾ। ਬਾਅਦ ਵਿਚ 19 ਮਾਰਚਨੂੰ ਸੱਟੈਡਿੰਗ ਕਮੇਟੀ ਭਾਰਤ ਪਾਕਿਸਤਾਨ ਦੁਆਰਾ ਲਾਹੌਰ ਘੋਸ਼ਣਾ-ਪੱਤਰ ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਘੋਸ਼ਣਾ ਪੱਤਰ ਦੇਸ਼ਾਂ ਦੇ ਲੋਕਾਂ ਲਈ ਬਹੁਤ ਫਾਇਦੇਮੰਦ ਹੋਵੇਗਾ।

7.12 **ਸਾਰਕ ਦਾ ਬਾਰ੍ਹਵਾਂ ਸ਼ਿਖਰ ਸੰਮੇਲਨ** - 28-28 ਅਕਤੂਬਰ 1999 ਵਿਚ ਪਾਕਿਸਤਾਨ ਵਿਚ ਸੈਨਾ ਦੁਆਰਾ ਤਖਤਾ ਪਲਟਣ ਕਰਕੇ ਇਹ ਸੰਮੇਲਨ ਮੁਲਤਵੀ ਕਰ ਦਿੱਤਾ ਗਿਆ। ਸੀ ਕਿਉਂਕਿ ਮੈਂਬਰ ਦੇਸ਼ਾਂ ਨੇ ਚੁਣੀ ਹੋਈ ਲੋਕਤਾਂਤਰਿਕ ਸਰਕਾਰ ਦੇ ਡਿਗੱਣ ਤੋਂ ਬਾਅਦ ਸਿਖਰ ਸੰਮੇਲਨ ਆਯੋਜਨ ਕੀਤੇ ਜਾਣ ਦੀ ਸੰਭਾਵਨਾ ਤੇ ਚਿੰਤਾ ਪ੍ਰਗਟ ਕੀਤੀ। ਇਸ ਤੋਂ ਬਾਅਦ ਕਾਰਗਿਲ ਤੇ ਹੋਈ ਲੜਾਈ ਤੋਂ ਬਾਅਦ ਭਾਰਤ ਨੇ ਇਸ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿਚ ਸਾਰਕ ਦਾ ਇਹ ਸੰਮੇਲਨ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਵਿਚ ਜਨਵਰੀ 2002 ਵਿਚ ਹੋਇਆ। ਇਸ ਸੰਮੇਲਨ ਵਿਚ ਸਯੁਕਤ ਰਾਸ਼ਟਰ ਦੁਆਰਾ ਪਾਸ ਕੀਤੇ ਗਏ ਮਤੇ (ਨੰ. 1373) ਜੋ ਕਿ ਅਮਰੀਕਾ ਉਪਰ ਹੋਏ ਅਤੱਵਦੀ ਹਮਲੇ (9/11) ਦੇ ਸੰਦਰਭ ਵਿਚ ਸੀ ਦੀ ਹਮਾਇਤ ਕੀਤੀ। ਮੈਂਬਰ ਦੇਸ਼ਾਂ ਨੇ ਅਤੱਵਾਦੀਆਂ ਨੂੰ ਦਿੱਤੀ ਜਾਣ ਵਾਲੀ ਮਦਦ ਤੇ ਵੀ ਰੋਕ ਲਾਉਣ ਦੀ ਤਜਵੀਜ਼ ਦਿੱਤੀ। ਇਸ ਤੋਂ ਇਲਾਵਾ ਸਾਰਕ ਦੇਸ਼ਾਂ ਤੇ ਆਪਸੀ ਆਰਥਿਕ ਸਹਿਯੋਗ ਨੂੰ ਹੋਰ ਵਧਾਉਣ ਦੀ ਮੰਗ ਕੀਤੀ ਅਤੇ ਅਤੱਵਾਦ ਤੇ ਰੋਕ ਲਾਉਣ ਦੀ ਅਪੀਲ ਕੀਤੀ ਕਿਉਂਕਿ ਇਹ ਮੈਂਬਰ ਦੇਸ਼ਾਂ ਦੀ ਸੁਰੱਖਿਆ, ਸਥਿਰਤਾਂ ਅਤੇ ਵਿਕਾਸ ਵਿਚ ਰੋੜਾ ਹੈ।

7.13 **ਸਾਰਕ ਦਾ ਤੇਰ੍ਹਵਾਂ ਸ਼ਿਖਰ ਸੰਮੇਲਨ੍ਹ-**

ਸਾਰਕ ਦਾ ਤੇਰ੍ਹਵਾਂ ਸ਼ਿਖਰ ਸੰਮੇਲਨ ਢਾਕਾ ਵਿਚ ਹੋਇਆ। ਇਸ ਸੰਮੇਲਨ ਵਿਚ ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਨੇ ਪ੍ਰੇਖਕ ਦੇਸ਼ਾਂ ਵਜੋਂ ਹਿੱਸਾ ਲਿਆ। ਇਸ ਸੰਮੇਲਨ ਵਿਚ ਸਾਰਕ ਦੇਸ਼ਾਂ ਨੇ ਸਾਝਾਂ ਵਿਕਾਸ ਫੰਡ ਬਣਾਉਣ ਦਾ ਫੈਸਲਾ ਲਿਆ ਅਤੇ ਇਕ ਪੱਕਾ ਸੈਕਟਰੀਏਟ ਬਣਾਉਣ ਦਾ ਵੀ ਨਿਰਣਾ ਕੀਤਾ ਜੋ ਸਾਰਕ ਦੇਸ਼ਾਂ ਦੇ ਸਮਾਜਿਕ, ਉਦਯੋਗਿਕ ਅਤੇ ਆਰਥਿਕ ਪ੍ਰੋਗਰਾਮਾਂ ਬਾਰੇ ਜਾਣਕਾਰੀ ਰਖੇਗਾ। ਚੀਨ ਨੇ ਸਾਰਕ ਵਿਚ ਸ਼ਾਮਿਲ ਹੋਂਦ ਦੀ ਪੇਸ਼ਕਸ਼ ਕੀਤੀ ਜਿਸਦਾ ਪਾਕਿਸਤਾਨ ਅਤੇ ਬੰਗਲਾ ਦੇਸ਼ ਨੇ ਸਮਰਥਨ ਕੀਤਾ ਪਰ ਭਾਰਤ ਨੇ ਕੁਝ ਸ਼ੰਕੇ ਜਾਹਿਰ ਕੀਤੇ।

7.14 **ਸਾਰਕ ਦਾ ਚੋਹਦਵਾਂ ਸ਼ਿਖਰ ਸੰਮੇਲਨ-2007 (ਅਪ੍ਰੈਲ 3-4)-**

ਸਾਰਕ ਦਾ 14ਵਾਂ ਸ਼ਿਖਰ ਸੰਮੇਲਨ ਨਵੀਂ ਦਿੱਲੀ (ਭਾਰਤ) ਵਿਖੇ ਹੋਇਆ। ਇਸ ਸੰਮੇਲਨ ਵਿਚ ਨੇਪਾਲ ਨੇ ਵੀ ਚੀਨ ਨੂੰ ਸਾਰਕ ਵਿਚ ਸ਼ਾਮਿਲ ਕਰਣ ਦੀ ਹਦਾਇਤ ਕੀਤੀ ਤੇ ਪਾਕਿਸਤਾਨ ਅਤੇ ਬੰਗਲਾਦੇਸ਼ ਨੇ ਇਸਦਾ ਸਮਰਥਨ ਕੀਤਾ। ਇਸ ਵਿਚ ਇਰਾਨ ਨੇ ਵੀ ਮੈਂਬਰ ਬਣਨ ਦੀ ਇੱਛਾ ਜਾਹਿਰ ਕੀਤੀ, ਤੇ ਕਿਹਾ ਕਿ ਇਰਾਨ 'ਪੂਰਬ ਅਤੇ ਪੱਛਮ' ਨੂੰ ਜੋੜਨ ਦਾ ਸਾਧਨ ਬਣੇਗਾ। ਰੂਸ ਅਤੇ ਮਿਆਂਮਾਰ ਨੇ ਵੀ ਆਬਸਰਵਰ ਬਣਨ ਦੀ ਇੱਛਾ ਜਾਹਿਰ ਕੀਤੀ। ਇਸ ਸੰਮੇਲਨ ਦੀ ਸਭ ਤੋਂ ਖਾਸ ਗੱਲ ਇਹ ਸੀ ਕਿ ਇਸ ਵਿਚ ਅਫਗਾਨੀਸਤਾਨ ਨੂੰ ਸਾਰਕ ਦਾ ਅੱਠਵਾਂ ਮੈਂਬਰ ਬਣਾਇਆ ਗਿਆ ਜਿਸ ਨਾਲ ਹੁਣ ਸਾਰਕ ਦੇ ਮੈਂਬਰ ਦੇਸ਼ਾਂ ਦੀ ਗਿਣਤੀ 8 ਹੋ ਗਈ ਹੈ।

## ਸਾਰਕ ਦੀਆਂ ਮੁਸ਼ਕਲਾਂ ਅਤੇ ਪ੍ਰਾਪਤੀਆਂ (Problems and Achievements of SAARC)

**8. ਭੂਮਿਕਾ** : ਸਾਰਕ ਹੋਂਦ ਵਿਚ ਆਇਆ ਲਗਭਗ 21 ਸਾਲ ਬੀਤ ਚੁੱਕੇ ਹਨ। ਜਦੋਂ ਇਹ ਸੰਗਠਨ ਹੋਂਦ ਵਿਚ ਆਇਆ ਸੀ ਤਾ ਇਹ ਸੋਚਿਆ ਗਿਆ ਸੀ ਕਿ ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚ ਆਪਸੀ ਤਾਲਮੇਲ ਅਤੇ ਸਹਿਯੋਗ ਵਧੇਗਾ ਅਤੇ ਇਸ ਖੇਤਰ ਦਾ

ਵਿਕਾਸ ਹੋਵੇਗਾ। ਪਰ ਕਈ ਸਾਲ ਬੀਤ ਜਾਣ ਦੇ ਬਾਅਦ ਭਾਵੇਂ ਇਹਨਾਂ ਦੇਸ਼ਾਂ ਨੇ ਕੁਝ ਮਸਲਿਆਂ ਤੇ ਸਾਝਾ ਕੰਮ ਕੀਤਾ ਹੈ। ਪਰ ਫਿਰ ਵੀ ਇਹਨਾਂ ਵਿਚਕਾਰ ਆਪਸੀ ਨਫਰਤ ਪਹਿਲਾਂ ਨਾਲੋਂ ਵਧੀ ਹੈ। ਅੱਤਵਾਦ ਵਰਗੇ ਮਸਲਿਆਂ ਨੇ ਇਹਨਾ ਦੇਸ਼ਾਂ ਨੂੰ ਨਜਦੀਕ ਆਉਣ ਤੋਂ ਰੋਕਿਆ ਹੈ ਅਤੇ ਦੂਰੀ ਵਧਾਈ ਹੈ। ਇਸ ਪਾਠ ਵਿਚ ਅਸੀਂ ਸਾਰਕ ਦੀਆਂ ਮੁਸ਼ਕਲਾਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਕਰਾਂਗੇ।

ਅੰਤਰ ਰਾਸ਼ਟਰੀ ਖੇਤਰ ਵਿਚ ਅਧਿਐਨ ਕਰ ਰਹੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸਾਰਕ ਸੰਗਠਨ ਹੋਰ ਸੰਗਠਨਾਂ ਜਿਵੇਂ ਕਿ ਆਸੀਆਨ (ASEAN) ਅਤੇ ਯੂਰਪੀ ਆਰਥਿਕ ਭਾਈਚਾਰਾ (EEC) ਜਿਨ੍ਹਾਂ ਕਾਮਯਾਬ ਨਹੀਂ ਹੋ ਸਕਦਾ ਕਿਉਂਕਿ ਸਾਰਕ ਦੇਸ਼ ਆਰਥਿਕ ਤੌਰ ਤੇ ਕਾਫੀ ਪਛੜੇ ਹੋਏ ਹਨ। ਸਾਰਕ ਦੇਸ਼ਾਂ ਵਿਚ ਰਾਜਨੀਤਿਕ ਮੱਤਭੇਦ ਵੀ ਕਾਫੀ ਹਨ। ਇਨ੍ਹਾਂ ਤੋਂ ਇਲਾਵਾ ਸਾਰਕ ਦੇ ਮੈਂਬਰ ਵਿਚ ਅਲੱਗ ਤਰ੍ਹਾਂ ਦੇ ਵਰਤਾਵ, ਆਰਥਿਕ ਭਿੰਨਤਾ, ਸੰਸਥਾਵਾਂ ਦੀ ਰਾਜਨੀਤਿਕ ਬਣਤਰ ਭਾਰਤ ਦਾ ਆਕਾਰ ਅਤੇ ਸ਼ਕਤੀ ਵਿਚ ਵੱਡਾ ਹੋਣਾ ਸੰਸਾਰ ਦੀਆਂ ਹੋਰ ਸ਼ਕਤੀਆਂ ਦੀ ਇਸ ਖੇਤਰ ਵਿਚ ਖਿਚੋਤਾਣ ਆਦਿ ਇਸ ਦੀਆਂ ਕੁਝ ਹੋਰ ਮੁਸ਼ਕਲਾਂ ਹਨ।

ਆਰਥਿਕ ਭਿੰਨਤਾ ਵੀ ਸਾਰਕ ਦੇ ਰਸਤੇ ਵਿਚ ਕਾਫੀ ਵੱਡੀ ਮੁਸ਼ਕਲ ਹੈ। ਸਾਰਕ ਦੇਸ਼ਾਂ ਦੀ ਨਾ ਤਾਂ ਪ੍ਰਤੀ ਵਿਅਕਤੀ ਆਮਦਨ ਵਿਚ ਇਕਸਾਰਤਾ ਹੈ ਨਾ ਖੇਤੀਬਾੜੀ ਸੈਕਟਰ ਅਤੇ ਉਦਯੋਗਿਕ ਖੇਤਰ ਵਿਚ ਇਕਸਾਰਤਾ ਹੈ। ਦੱਖਣ ਏਸ਼ੀਆ ਵਿਚ ਬਹੁਤ ਜ਼ਿਆਦਾ ਗਰੀਬੀ ਹੈ ਇਥੋਂ ਤਕ ਕਿ ਇਨ੍ਹਾਂ ਦੇਸ਼ਾਂ ਵਿਚ ਖਾਣ ਪੀਣ ਦੀਆਂ ਵਸਤਾਂ ਦੀ ਵੀ ਭਾਰੀ ਕਮੀ ਹੈ। ਇਨ੍ਹਾਂ ਦੇਸ਼ਾਂ ਵਿਚ ਵਪਾਰ ਦਾ ਪ੍ਰਬੰਧ ਵੀ ਠੀਕ ਨਹੀਂ ਹੈ। ਦੱਖਣ ਏਸ਼ੀਆ ਦੇ ਦੇਸ਼ ਵਸਤਾਂ ਦੇ ਪੱਧਰ ਵਿਚ ਪੂਰਬੀ ਦੇਸ਼ਾਂ ਦੀ ਸੰਸਾਰ ਮਾਰਕੀਟ ਵਿਚ ਮੁਕਾਬਲਾ ਨਹੀਂ ਕਰ ਸਕਦੇ। ਬਹੁ ਦੇਸ਼ੀ ਕੰਪਨੀਆਂ ਦੀਆਂ ਵਸਤਾਂ ਪੱਧਰ ਅਤੇ ਕੀਮਤ ਵਿਚ ਦੱਖਣੀ ਏਸ਼ਆਈ ਦੇਸ਼ਾਂ ਨਾਲੋਂ ਕਾਫੀ ਅੱਗੇ ਹਨ। ਇਨ੍ਹਾਂ ਕਾਰਨਾਂ ਨੇ ਵੀ ਦੱਖਣ ਏਸ਼ੀਆ ਨੂੰ ਆਰਥਿਕਤਾ ਦੇ ਪੱਖੋਂ ਉਪਰ ਉਠਣ ਨਹੀਂ ਦਿੱਤਾ ਅਤੇ ਜਦੋਂ ਕਿਸੇ ਸਹਿਯੋਗ ਦੇ ਖੇਤਰ ਵਿਚ ਸਾਧਨਾਂ ਦੀ ਲੋੜ ਹੁੰਦੀ ਹੈ ਤਾਂ ਇਹ ਦੇਸ਼ ਬੜੀ ਮੁਸ਼ਕਲ ਨਾਲ ਸਾਧਨ ਜੁਟਾਉਂਦੇ ਹਨ।

ਦੱਖਣ ਏਸ਼ੀਆ ਦੇ ਸਾਰੇ ਦੇਸ਼ਾਂ ਵਿਚ ਵੱਖ ਵੱਖ ਕਿਸਮ ਦੇ ਰਾਜਨੀਤਿਕ ਢਾਂਚੇ ਹਨ। ਇਹ ਵੱਖੋ ਵਖਰੀ ਕਿਸਮ ਦੇ ਰਾਜਨੀਤਿਕ ਢਾਂਚੇ ਵੀ ਸਹਿਯੋਗ ਦੇ ਖੇਤਰ ਵਿਚ ਅੜਿਕਾ ਲਾਉਂਦੇ ਹਨ। ਭਾਰਤ ਅਤੇ ਸ੍ਰੀ ਲੰਕਾ ਵਿਚ ਪਾਰਲੀਮੈਂਟ ਅਤੇ ਰਾਸ਼ਟਰੀ ਪ੍ਰਧਾਨ ਵਾਲੀਆਂ ਸਰਕਾਰਾਂ ਹਨ। ਬੰਗਲਾ ਦੇਸ਼ ਅਤੇ ਪਾਕਿਸਤਾਨ ਦੇ ਢਾਂਚੇ ਉਪਰ ਫੌਜੀ ਪ੍ਰਭਾਵ ਰਿਹਾ ਹੈ। ਭੂਟਾਨ, ਨੇਪਾਲ ਅਤੇ ਮਾਲਦੀਪ ਵਿਚ ਵਖੋ ਵਖਰੇ ਕਿਸਮ ਦੀ ਬਾਦਸ਼ਾਹੀ ਵਾਲੀਆਂ (Monarchies) ਸਰਕਾਰਾਂ ਹਨ। ਹਰ ਦੇਸ਼ ਦੀ ਆਪਣੀ ਕਿਸਮ ਦੇ ਸੰਸਥਾਗਤ ਪ੍ਰਬੰਧ ਹਨ। ਇਸ ਤਰ੍ਹਾਂ ਹਰ ਦੇਸ਼ ਦਾ ਵਖੋ ਵਖਰੇ ਰਾਜਨੀਤਿਕ ਢਾਂਚਿਆਂ ਦੇ ਕਾਰਨ ਖੇਤਰੀ ਸਹਿਯੋਗ ਪ੍ਰਤੀ ਰਵੱਈਆ ਵੱਖੋ ਵੱਖਰਾ ਹੋ ਜਾਂਦਾ ਹੈ।

ਦੱਖਣ ਏਸ਼ੀਆਈ ਸਹਿਯੋਗ ਦੇ ਵਿਚ ਭਾਰਤ ਦਾ ਆਕਾਰ ਵੀ ਬਾਕੀ ਦੇਸ਼ਾਂ ਵਿਚ ਸ਼ੱਕ ਦੀ ਭਾਵਨਾ ਪੈਦਾ ਕਰਦਾ ਹੈ। ਭਾਰਤ ਦੇ ਵੱਡੇ ਆਕਾਰ ਬਾਰੇ ਸ਼ੱਕ ਇਸ ਖੇਤਰ ਵਿਚ ਸਾਰਕ ਦੇ ਬਣਨ ਤੋਂ ਪਹਿਲਾਂ ਹੀ ਪੈਦਾ ਹੋਇਆ ਸੀ। ਜਦੋਂ ਬੰਗਲਾ ਦੇਸ਼ ਦੇ ਰਾਸ਼ਟਰਪਤੀ ਨੇ ਸਹਿਯੋਗ ਦੀ ਗੱਲ ਕਹੀ ਸੀ ਤਾਂ ਪਾਕਿਸਤਾਨ ਤੇ ਭਾਰਤ ਦੇ ਆਕਾਰ ਅਤੇ ਸ਼ਕਤੀ ਬਾਰੇ ਸ਼ੱਕ ਪ੍ਰਗਟ ਕੀਤਾ ਸੀ ਕਿ ਭਾਰਤ ਵਰਗੇ ਵੱਡੇ ਦੇਸ਼ ਦਾ ਰਵੱਈਆ ਛੋਟੇ ਦੇਸ਼ਾਂ ਪ੍ਰਤੀ ਚੌਧਰ ਵਾਲਾ ਰਹੇਗਾ। ਇਸ ਖੇਤਰ ਦੇ 72% ਹਿੱਸੇ ਵਿਚ ਭਾਰਤ ਫੈਲਿਆ ਹੋਇਆ ਹੈ। ਵਸੋਂ ਪੱਖੋਂ 77% ਅਤੇ ਕੁਦਰਤੀ ਸਾਧਨਾਂ ਪਖੋਂ ਭਾਰਤ 90—100% ਤਕ ਇਸ ਖੇਤਰ ਚੋਂ ਮਲਕੀਅਤ ਰੱਖਦਾ ਹੈ। ਇਸ ਤਰ੍ਹਾਂ ਉਦਯੋਗਿਕ ਸ਼ਕਤੀ ਅਤੇ ਸੈਨਿਕ ਸ਼ਕਤੀ ਪਖੋਂ ਸਿਰਫ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜਿਹੜਾ ਚੀਨ ਦੇ ਕੁਝ ਨੇੜੇ-ਤੇੜੇ ਖੜ੍ਹਦਾ ਹੈ। ਇਨ੍ਹਾਂ ਕਾਰਨਾਂ ਕਰਕੇ ਦੱਖਣ ਏਸ਼ੀਆਈ ਸਹਿਯੋਗ ਲਈ ਬਾਕੀ ਦੇਸ਼ਾਂ ਦੀ ਭਾਰਤ ਪ੍ਰਤੀ ਸ਼ੱਕ ਦੀ ਨੀਤੀ ਰਹੀ ਹੈ। ਪਰ ਜੇ ਅਸੀਂ ਸਾਰਕ ਦੇ ਇਤਿਹਾਸ ਵਲ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਅਜਿਹੀ ਕੋਈ ਘਟਨਾ ਨਹੀਂ ਮਿਲਦੀ ਜਿਸ ਵਿਚ ਭਾਰਤ ਦਾ ਰਵਈਆ ਚੌਧਰ ਵਾਲਾ ਰਿਹਾ ਹੋਵੇ। ਪਰ ਜੇ ਅਸੀਂ ਦੱਖਣ ਏਸ਼ੀਆ ਦੇ ਇਤਿਹਾਸ ਵਲ ਨਿਗਾਹ ਮਾਰਦੇ ਹਾਂ ਤਾਂ 1971 ਦੀ ਭਾਰਤ ਪਾਕਿ ਲੜਾਈ 1974 ਅਤੇ 1998 ਵਿਚ ਭਾਰਤ ਦੇ ਪ੍ਰਮਾਣੂ ਟੈਸਟ ਅਤੇ ਸਿੱਕਮ ਦੇ ਭਾਰਤ ਵਿਚ ਮਿਲਣ ਦੀ ਦੱਖਣ ਏਸ਼ੀਏ ਦੇ ਦੇਸ਼ਾਂ ਨੇ ਨਿੰਦਾ ਕੀਤੀ ਸੀ।

ਅਗਲੀ ਮੁਸ਼ਕਲ ਦੱਖਣ ਏਸ਼ੀਆਈ ਸਹਿਯੋਗ ਦੇ ਰਸਤੇ ਇਸ ਖੇਤਰ ਵਿਚ ਬਾਹਰੀ ਸ਼ਕਤੀਆਂ ਦੀ ਭੂਮਿਕਾ ਹੈ। ਇਸ ਖੇਤਰ ਦੇ ਝਗੜਿਆਂ ਵਿਚ ਵਿਦੇਸ਼ੀ ਤਾਕਤਾਂ ਨੇ ਹਮੇਸ਼ਾਂ ਆਪਣੀ ਦਖਲ ਅੰਦਾਜ਼ੀ ਕੀਤੀ ਹੈ ਦੱਖਣ ਏਸ਼ੀਆ ਦੇ ਮਾਮਲਿਆਂ ਵਿਚ ਬਾਹਰੀ ਸ਼ਕਤੀਆਂ ਦੀ ਦਖਲ ਅੰਦਾਜ਼ੀ ਦਾ ਕਾਰਨ ਵਿਦੇਸ਼ੀ ਤਾਕਤਾਂ ਦੇ ਇਸ ਖੇਤਰ ਵਿਚ ਆਪਣੇ ਯੁੱਧਨੀਤਿਕ ਅਤੇ ਆਰਥਿਕ ਹਿੱਤ ਸਨ। ਅਮਰੀਕਾ ਦੇ ਹਿੰਦ ਮਹਾਂਸਾਗਰ ਵਿਚ ਹਿੱਤ ਦੱਖਣ ਏਸ਼ੀਆ ਦੀ ਸਥਿਰਤਾ ਅਤੇ ਸ਼ਾਂਤੀ ਨਾਲ ਮੇਲ ਨਹੀਂ ਖਾਂਦੇ। ਅਮਰੀਕਾ ਹਿੰਦ ਮਹਾਂਸਾਗਰ ਨੂੰ ਆਪਣੀਆਂ ਵਪਾਰਕ ਲੋੜਾਂ ਲਈ ਵਰਤਣਾ ਚਾਹੁੰਦਾ ਹੈ, ਇਸੇ ਮਕਸਦ ਦੇ ਲਈ ਅਮਰੀਕਾ ਨੇ ਵੱਡੀ ਪੱਧਰ ਤੇ ਇਸ ਖੇ ਤਰ ਵਿਚ ਫੌਜੀ ਅੱਡੇ ਬਣਾਏ ਹਨ। ਦੂਜੇ ਰੂਸ ਦੀ ਇਸ ਪ੍ਰਤੀ ਨੀਤੀ ਕਾਫੀ ਠੀਕ ਰਹੀ ਹੈ। ਕਿਉਂਕਿ ਉਸ ਨੇ ਇਸ ਖੇਤਰ ਦੇ ਨਵੇਂ

ਆਜ਼ਾਦ ਹੋਏ ਦੇਸ਼ਾਂ ਦੀ ਤਕਨੀਕੀ ਅਤੇ ਆਰਥਿਕ ਮਦਦ ਕੀਤੀ ਹੈ। ਚੀਨ ਨੇ ਆਪਣੀ ਤਾਕਤ ਦਾ ਫਾਇਦਾ ਉਠਾਉਂਦੇ ਹੋਏ ਜਿਸ ਖੇਤਰ ਵਿਚ ਆਪਣਾ ਚੌਧਰ ਵਾਲਾ ਰਵਈਆ ਬਣਾਇਆ ਹੋਇਆ ਹੈ। ਚੀਨ ਨੇ ਭਾਰਤ ਅਤੇ ਪਾਕਿਸਤਾਨ ਦੇ ਝਗੜੇ ਉਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਬਿਨਾਂ ਦੀ ਚੀਨ ਆਪਣੇ ਹਿੱਤਾਂ ਦੀ ਪੂਰਤੀ ਲਈ ਸੁਰੱਖਿਆ ਲਈ ਸੰਬੰਧ ਰੱਖਦੇ ਕਿੰਨੇ ਹੀ ਹਿੱਤ ਹਨ। ਇਹ ਵਿਦੇਸ਼ੀ ਤਾਕਤਾਂ ਦੇ ਹਿੱਤ ਦੱਖਣ ਏਸ਼ੀਆਈ ਸਹਿਯੋਗ ਲਈ ਖੱਤਰਾ ਹਨ।

ਸਾਰਕ ਦੇ ਮੈਂਬਰ ਦੇਸ਼ ਦੇ ਵਿਚ ਇਕ ਦੂਜੇ ਪ੍ਰਤੀ ਸ਼ੱਕ ਦੀ ਭਾਵਨਾ ਵੀ ਸਾਰਕ ਦੇ ਰਸਤੇ ਵਿਚ ਇਕ ਰੁਕਾਵਟ ਹੈ। ਦੱਖਣ ਏਸ਼ੀਆ ਦੇ ਰਸਤੇ ਵਿਚ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜਿਹੜਾ ਦੂਜੇ ਦੇਸ਼ਾਂ ਨਾਲੋਂ ਜਾਂ ਤਾਂ ਸੀਮਾਵਾਂ ਸਾਂਝੀਆਂ ਕਰਦਾ ਜਾਂ ਫਿਰ ਕਾਫੀ ਨੇੜੇ ਹੈ। ਇਸ ਕਰਕੇ ਭਾਰਤ ਸ਼ੱਕ ਵਾਲੀਆਂ ਭਾਵਨਾਵਾਂ ਵਿਚ ਕਿਸੇ ਤਰ੍ਹਾਂ ਜ਼ਰੂਰ ਸ਼ਾਮਲ ਹੁੰਦਾ ਹੈ। ਇਨ੍ਹਾਂ ਵਿਚ ਪਾਕਿਸਤਾਨ ਨਾਲ ਕਸ਼ਮੀਰ ਤੇ ਵਾਦ-ਵਿਵਾਦ, ਆਪਸੀ ਹਥਿਆਰਾਂ ਦੀ ਦੌੜ ਅਤੇ ਪਾਕਿਸਤਾਨ ਦੀ ਜੰਮੂ ਕਸ਼ਮੀਰ ਅਤੇ ਪੰਜਾਬ ਵਿਚ ਅਤਿਵਾਦੀਆਂ ਨੂੰ ਮਦਦ ਕਰਨਾ ਅਤੇ ਪਾਕਿਸਤਾਨ ਦੇ ਚੀਨ ਅਤੇ ਅਮਰੀਕਾ ਨਾਲ ਸੰਬੰਧ ਮੁੱਖ ਹਨ। ਸ੍ਰੀ ਲੰਕਾ ਦਾ ਭਾਰਤ ਨਾਲ ਤਮਿਲਾਂ ਦੀ ਸਮੱਸਿਆ ਅਤੇ ਤ੍ਰਿਨਕੋਮਲੀ ਵਿਚ ਅਮਰੀਕਾ ਦੇ ਫੌਜੀ ਅੱਡੇ ਬਾਰੇ ਵਾਦ ਵਿਵਾਦ ਮੁੱਖ ਹਨ। ਬੰਗਲਾ ਦੇਸ਼ ਨਾਲ ਫਰਾਕਾ (Farakka) ਅਤੇ ਸਰਹੱਦ ਦੇ ਕੰਡੇਦਾਰ ਤਾਰ ਲਾਉਣਾ ਆਦਿ ਮੁੱਖ ਮਸਲੇ ਹਨ ਇਨ੍ਹਾਂ ਮਸਲਿਆਂ ਦੇ ਨਾਲ ਤਨਾਅ ਵਧਦਾ ਹੈ ਅਤੇ ਦੋ ਪੱਖੀ (bi-lateral) ਸੰਬੰਧ ਖਰਾਬ ਹੁੰਦੇ ਹਨ। ਇਨ੍ਹਾਂ ਦੋ ਪੱਖੀ ਸੰਬੰਧਾਂ ਦੇ ਖਰਾਬ ਹੋਣ ਦਾ ਅਸਰ ਖੇਤਰੀ ਸਹਿਯੋਗ ਤੇ ਜ਼ਰੂਰ ਪੈਂਦਾ ਹੈ। ਇਸ ਤਰ੍ਹਾਂ ਦੋ ਦੇਸ਼ਾਂ ਦੇ ਆਪਸੀ ਸੰਬੰਧ ਖਰਾਬ ਹੋਣ ਤਾਂ ਜਦੋਂ ਫਿਰ ਸਹਿਯੋਗ ਦੀ ਗੱਲ ਚਲਦੀ ਹੈ ਤਾਂ ਦੇਸ਼ ਇਕ ਦੂਜੇ ਨੂੰ ਸ਼ਕ ਦੀ ਨਜ਼ਰ ਨਾਲ ਦੇਖਦੇ ਹਨ।

ਸਾਰਕ ਦੇ ਦੇਸ਼ ਭਾਵੇਂ ਇਕੱਠੇ ਬੈਠ ਕੇ ਸਾਰਕ ਦੇ ਨਿਸ਼ਾਨੇ ਅਤੇ ਉਦੇਸ਼ ਆਦਿ ਬਣਾ ਚੁੱਕੇ ਹਨ ਪਰ ਫਿਰ ਵੀ ਜਦੋਂ ਅਲੱਗ ਅਲੱਗ ਮੁਸ਼ਕਲਾਂ ਤੋਂ ਪ੍ਰਭਾਵਿਤ ਹੁੰਦੇ ਹਨ ਤਾਂ ਸਾਰਕ ਵਿਚ ਹਰੇਕ ਦੇਸ਼, ਜਿਹੜਾ ਮੁਸ਼ਕਲ ਪਖੋਂ ਪ੍ਰਭਾਵਿਤ ਹੁੰਦਾ ਹੈ, ਉਸ ਮੁਸ਼ਕਲ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦੀ ਗੱਲ ਕਰਦਾ ਹੈ। ਉਦਾਹਰਣ ਦੇ ਤੌਰ ਤੇ ਬੰਗਲਾ ਦੇਸ਼ ਹੜ੍ਹਾਂ ਤੋਂ ਕਾਫੀ ਪ੍ਰਭਾਵਿਤ ਹੈ, ਉਹ ਦਰਿਆਵਾਂ ਦੇ ਪਾਣੀ ਨੂੰ ਕਾਬੂ ਕਰਨ ਦੇ ਲਈ ਸਾਂਝੀ ਸਕੀਮ ਬਨਾਉਣ ਲਈ ਕਹਿ ਰਿਹਾ ਹੈ। ਪਾਕਿਸਤਾਨ ਰਾਜਨੀਤਿਕ ਆਦਾਨ ਪ੍ਰਦਾਨ ਲਈ ਘੱਟ ਦਿਲਚਸਪ ਜਾਪਦਾ ਹੈ। ਸ੍ਰੀ ਲੰਕਾ ਸਾਰਕ ਦੇ ਰਾਹੀਂ ਆਪਣੀਆਂ ਅੰਦਰੂਨੀ ਮੁਸ਼ਕਲਾਂ ਦਾ ਹੱਲ ਲੱਭਣਾ ਚਾਹੁੰਦਾ ਹੈ। ਇਸ ਦੀ ਝਲਕ ਸਾਨੂੰ ਸਾਰਕ ਦੀਆਂ ਵੱਖੋ ਵੱਖ ਮੀਟਿੰਗਾਂ ਵਿਚ ਦਿਖਾਈ ਦਿੰਦਾ ਹੈ।

ਇਹ ਮੁਸ਼ਕਲਾਂ ਸਾਰਕ ਦੇ ਪਿਛਲੇ ਤਕਰੀਬਨ ਗਿਆਰਾ ਸਾਲਾਂ ਦੇ ਇਤਿਹਾਸ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾ ਮੁਸ਼ਕਲਾਂ ਅੰਦਰੂਨੀ ਅਤੇ ਇਸਦੇ ਮੈਂਬਰ ਦੇਸ਼ਾਂ ਦਾ ਢਾਂਚਾ ਯੋਗ ਨਾ ਹੋਣ ਕਰਕੇ ਵੀ ਹਨ। ਇਨ੍ਹਾਂ ਦੀ ਰਾਜਨੀਤਿਕ ਨੇੜਤਾ ਅਤੇ ਆਪਸੀ ਸਹਿਯੋਗ ਜੇ ਮਜਬੂਤ ਹੁੰਦਾ ਜਾਵੇਗਾ ਤਾਂ ਇਹ ਮੁਸ਼ਕਲਾਂ ਆਪਣੇ ਆਪ ਖਤਮ ਹੋ ਜਾਣਗੀਆਂ ਅਤੇ ਭਾਰਤ ਦੇ ਆਕਾਰ ਅਤੇ ਸ਼ਕਤੀ ਬਾਰੇ ਪੈਦਾ ਹੋਈਆਂ ਗਲਤ ਫਹਿਮੀਆਂ ਵੀ ਖਤਮ ਹੋ ਜਾਣਗੀਆਂ।

ਭਾਵੇਂ ਸਾਰਕ ਦੇ ਛੋਟੇ ਜਿਹੇ ਇਤਿਹਾਸ ਵਿਚ ਸਾਨੂੰ ਅਨੇਕਾਂ ਮੁਸ਼ਕਲਾਂ ਦਿਖਾਈ ਦਿੰਦੀਆਂ ਹਨ ਪਰ ਫਿਰ ਵੀ ਅਸੀਂ ਇਹ ਗੱਲ ਬੜੇ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਸ ਨੇ ਛੋਟੇ ਜਿਹੇ ਸਮੇਂ ਵਿਚ ਕਾਫੀ ਕੁਝ ਪ੍ਰਾਪਤ ਕੀਤਾ ਹੈ ਜੋ ਭਵਿੱਖ ਲਈ ਕਾਫੀ ਮਹੱਤਵਪੂਰਨ ਹੋਵੇਗਾ। ਸਭ ਤੋਂ ਪਹਿਲੀ ਸਾਰਕ ਦੀ ਪ੍ਰਾਪਤੀ ਅਸੀਂ ਇਹ ਕਹਿ ਸਕਦੇ ਹਾਂ ਕਿ ਵੱਖ ਵੱਖ ਰਾਜਨੀਤਿਕ ਵਿਚਾਰਾਂ ਵਾਲੇ ਦੇਸ਼ਾਂ ਦਾ ਆਪਸੀ ਸਹਿਯੋਗ ਦੀ ਗੱਲਬਾਤ ਦੇ ਲਈ ਇਕ ਮੇਜ਼ ਤੇ ਬੈਠਣਾ ਹੀ ਆਪਣੇ ਆਪ ਵਿਚ ਇਕ ਬਹੁਤ ਵੱਡੀ ਪ੍ਰਾਪਤੀ ਹੈ। ਦੂਜਾ ਆਕਾਰ ਦੇਖਦੇ ਹੋਏ ਇਸ ਵਿਚ ਮਾਲਦੀਪ ਵਰਗੇ ਬਹੁਤ ਛੋਟੇ ਟਾਪੂ ਤੋਂ ਲੈ ਕੇ ਭਾਰਤ ਵਰਗਾ ਦੁਨੀਆਂ ਦਾ ਸੱਤਵਾਂ ਵੱਡਾ ਦੇਸ਼ ਸ਼ਾਮਲ ਹੈ। ਤੀਜਾ ਭਾਰਤ ਅਤੇ ਪਾਕਿਸਤਾਨ, ਜਿਹੜੇ ਕਿ ਪਿਛਲੇ ਸਮੇਂ ਵਿਚ ਤਿੰਨ ਜੰਗਾਂ ਆਪਸ ਵਿਚ ਲੜ ਚੁੱਕੇ ਹਨ ਵੀ ਇਸ ਖੇਤਰੀ ਸਹਿਯੋਗ ਵਿਚ ਸ਼ਾਮਲ ਹਨ।

ਭਾਵੇਂ ਅਸੀਂ ਸਾਰਕ ਦੀਆਂ ਪ੍ਰਾਪਤੀਆਂ ਬਾਰੇ ਅਸੀਂ ਠੋਸ ਜਿਹੀ ਉਦਾਹਰਣ ਨਹੀਂ ਦੇ ਸਕਦੇ। ਪਰ ਫਿਰ ਵੀ ਇਸ ਦੀਆਂ ਕੁਝ ਪ੍ਰਾਪਤੀਆਂ ਬਾਰੇ ਕਿਹਾ ਜਾ ਸਕਦਾ ਹੈ। ਇਸ ਨੇ ਖੇਤਰੀ ਸਹਿਯੋਗ ਲਈ ਕੁਝ ਸ਼ੁਰੂਆਤ ਕੀਤੀ ਹੈ ਜੋ ਕਿ ਅਜੇ ਮੁੱਢਲੀ ਅਵਸਥਾ ਦੇ ਵਿਚ ਹੈ। ਉਦਾਹਰਣ ਦੇ ਤੌਰ ਤੇ ਸਾਰਕ ਦੀ ਪਹਿਲੀਆਂ ਕਈ ਮੀਟਿੰਗਾਂ ਵਿਚ ਅਤਿਵਾਦ ਅਤੇ ਨਸ਼ੀਲੀਆਂ ਦਵਾਈਆਂ ਦੱਖਣ ਏਸ਼ੀਆ ਵਿਚ ਰੋਕਣ ਬਾਰੇ ਵੀ ਕਮੇਟੀਆਂ ਬਣਾਈਆਂ ਗਈਆਂ ਹਨ, ਦੂਜੀ ਕਾਨਫਰੰਸ ਵਿਚ ਅਕਾਸ਼ਵਾਣੀ ਪ੍ਰੋਗਰਾਮਾਂ ਦਾ ਆਦਾਨ ਪ੍ਰਦਾਨ, ਸੈਰ ਸਪਾਟੇ ਨੂੰ ਵਧਾਉਣਾ ਅਤੇ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਮਦਦ ਦੇਣ ਦਾ ਵੀ ਐਲਾਨ ਕੀਤਾ ਗਿਆ। ਇਸਲਾਮਾਬਾਦ ਵਿਚ ਨਵੰਬਰ 1988 ਵਿਚ ਹੋਈ ਚੋਟੀ ਕਾਨਫਰੰਸ ਵਿਚ ਸਭ ਲਈ ਕਪੜਾ, ਰੋਟੀ ਅਤੇ ਮਕਾਨ ਦੇਣ ਲਈ ਸੰਨ 2000 ਨੂੰ ਨਿਸ਼ਾਨਾ ਮਿਥਿਆ

ਗਿਆ। ਇਸ ਤੋਂ ਬਿਨਾਂ ਦੱਖਣ ਏਸ਼ੀਆਈ ਦੇਸ਼ਾਂ ਦੀ ਮਾਰੂ ਬੀਮਾਰੀਆਂ ਨਾਲ ਨਜਿੱਠਣ ਲਈ ਵੀ ਸਹਿਯੋਗ ਦੀ ਪੇਸ਼ਕਸ਼ ਹੈ।

ਸਾਰਕ ਦੇ ਮੁੱਢਲੇ ਸਾਲਾਂ ਦੀ ਕਾਰਗੁਜ਼ਾਰੀ ਤੋਂ ਅਸੀਂ ਇਹ ਅਨੁਮਾਨ ਲਾ ਸਕਦੇ ਹਾਂ ਕਿ ਅੱਜ ਦੇ ਬਦਲਦੇ ਹੋਏ ਹਾਲਤਾਂ ਵਿਚ ਤਰੱਕੀ ਕਰ ਰਹੇ ਦੇਸ਼ਾਂ ਦੀ ਤਰੱਕੀ ਲਈ ਕਾਫੀ ਸਹਾਇਕ ਸਿੱਧ ਹੋਵੇਗੀ। ਉੱਤਰ-ਦੱਖਣ ਗੱਲਬਾਤ ਦੇ ਕਾਮਯਾਬ ਨਾ ਹੋਣ ਤੋਂ ਬਾਅਦ ਸਾਰਕ ਨੇ ਜੋ ਦੱਖਣ-ਦੱਖਣ ਸਹਿਯੋਗ ਦਾ ਬੀੜਾ ਚੁੱਕਿਆ ਹੈ। ਉਮੀਦ ਹੈ ਸਾਰਕ ਇਸ ਵਿਚ ਕਾਮਯਾਬ ਹੋਵੇਗੀ ਅਤੇ ਏਸ਼ੀਆ ਸੰਸਾਰ ਵਿਚ ਇਕ ਵੱਖਰੀ ਕਿਸਮ ਦੀ ਹੋਂਦ ਸਥਾਪਿਤ ਕਰਨ ਵਿਚ ਕਾਮਯਾਬ ਹੋਵੇਗਾ। ਜੇ ਸਾਰਕ ਦੇਸ਼ ਆਪਣੇ ਰਾਜਨੀਤਿਕ ਝਗੜਿਆਂ ਅਤੇ ਮਤਭੇਦਾਂ ਨੂੰ ਦੂਰ ਰੱਖ ਕੇ ਸਹਿਯੋਗ ਦੀ ਗੱਲ ਕਰਨਗੇ ਤਾਂ ਖੇਤਰੀ-ਸਹਿਯੋਗ ਹੋਰ ਵੀ ਜ਼ਿਆਦਾ ਵਧੇਗਾ। ਸਾਰਕ ਦੇਸ਼ਾਂ ਨੂੰ ਅਤਿਵਾਦ ਸੰਬੰਧੀ ਸਮਝੌਤਾ ਪਹਿਲ ਦੇ ਆਧਾਰ ਤੇ ਹੱਲ ਕਰਨਾ ਚਾਹੀਦਾ ਹੈ ਕਿਉਂਕਿ ਅੱਤਿਵਾਦ ਹੀ ਉਨ੍ਹਾਂ ਦੇ ਰਾਹ ਵਿਚ ਇਕ ਕਾਫੀ ਵੱਡਾ ਅੜਿਕਾ ਹੈ। ਦੱਖਣੀ ਏਸ਼ੀਆ ਦੇ ਦੇਸ਼ ਜੋ ਕਿ ਪਹਲਾਂ ਬਸਤੀਵਾਦ (colonialism) ਸੰਤਾਪ ਭੋਗ ਚੁੱਕੇ ਹਨ ਉਮੀਦ ਹੈ ਕਿ ਉਹ ਸਾਰਕ ਦੀਆਂ ਕੋਸ਼ਿਸ਼ਾਂ ਕਰਕੇ ਨਵੇਂ ਬਸਤੀਵਾਦ (neo-colonialism) ਤੋਂ ਬਚ ਸਕਣਗੇ।

## SUGGESTED BOOKS


Emanual Nahar : SAARC-Problems and Prospects

Bhabani Sen Gupta : Seven Nations in Conflict and Co-operation



Type Setting :
Department of Distance Education, Punjabi University, Patiala.